# ਹਾਦਸਿਆਂ ਦਾ ਸਫ਼ਰ

## ਗ਼ਜ਼ਲ ਸੰਗ੍ਰਹਿ

ਡਾ. ਲੋਕ ਰਾਜ

logo and Imprint is owned by Unistar Books Pvt. Ltd.
© *2005*

Haadsiyan Da Safar

by

Dr. Lok Raj

2005
P1132-L017
Published by Lokgeet Parkashan
S.C.O. 26-27, Sector 34 A, Chandigarh-160022,
Ph.0172-5077427, 5077428
*email:unistar_mark@rediffmail.com*
Type Setting & Design PCIS
Printed & bound at Savitar Press, Chandigarh
Ph:0172-5075710
*email:savitarpress@rediffmail.com*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned*

## ਸਮਰਪਿਤ

ਉਹਨਾਂ ਤਮਾਮ ਸਾਥੀਆਂ ਨੂੰ
ਜੋ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ
ਸੰਘਰਸ਼ ਕਰ ਰਹੇ ਹਨ...।

## 1

ਆਈਆਂ ਫ਼ਿਰਕੂ ਹਵਾਵਾਂ, ਕੋਈ ਮਿਥ ਕੇ ਨਿਸ਼ਾਨਾ
ਭੇਟਾ ਚੜ੍ਹੇ ਨਾ ਇਹਨਾਂ ਦੀ, ਸਾਡੇ ਪਿਆਰ ਦਾ ਖ਼ਜ਼ਾਨਾ

ਸ਼ਾਲਾ ਬਣੀ ਰਹੇ ਸਾਂਝ ਸਦਾ ਰੋਟੀ-ਬੇਟੀ ਵਾਲੀ
ਅਸੀਂ ਅਜਲਾਂ ਤੋਂ ਇੱਕੋ, ਕੋਈ ਵੈਰੀ ਨਾ ਬਿਗ਼ਾਨਾ

ਰੀਤ ਇਹ ਮੁਹੱਬਤਾਂ ਦੀ, ਸਦੀਆਂ ਤੋਂ ਚਲੀ ਆਉਂਦੀ
ਸ਼ਮ੍ਹਾਂ ਜਦ ਵੀ ਬਲੀ ਹੈ, ਸੰਗ ਜਲੇ ਪਰਵਾਨਾ

ਰੱਖੀ ਉਲਫ਼ਤ ਦੀ ਰੀਤ, ਕਈ ਮਾਵਾਂ ਦੇ 'ਸੁਮੀਤ'
ਯਾਦ ਰੱਖੂ ਇਤਿਹਾਸ, ਜਿਹੜੇ ਵਾਰ ਗਏ ਜਾਨਾਂ

ਇਹ ਚੰਦਰਾ ਜਨੂੰਨ, ਕਰੇ ਫੁੱਲਾਂ ਦਾ ਨਾ ਖ਼ੂਨ
ਇਹਨਾਂ ਭੂੰਡਾਂ ਤੋਂ ਬਚਾਈਂ, ਵੇ ਤੂੰ ਫੁੱਲ ਬਾਗ਼ਬਾਨਾ

ਹੋਇਆ ਵਿਰਸਾ ਖ਼ਰਾਬ, ਧਾਹਾਂ ਮਾਰਦਾ ਪੰਜਾਬ
ਜ਼ਹਿਰ ਪਾਣੀਆਂ 'ਚ ਘੋਲੀ, ਰਲ ਮਿਲ ਕੇ ਸ਼ੈਤਾਨਾਂ

ਲੋਕ-ਯੁੱਧ ਸੱਟ ਸੀਨੇ, ਪੂੰਜੀਵਾਦ ਦੇ ਕਰਾਰੀ
ਇਹ ਤਾਂ ਕੁਰਸੀ ਦਾ ਰੌਲਾ, 'ਧਰਮ-ਯੁੱਧ' ਹੈ ਬਹਾਨਾ

*(7.5.84)*

## 2

ਨਿੱਤ ਸੂਲਾਂ ਬਣ ਜ਼ਿਹਨ 'ਚ ਖੁੱਭਦੀ, ਹਰ ਸੁਰਖ਼ੀ ਅਖਬਾਰਾਂ ਦੀ
ਇਉਂ ਲੱਗਦਾ ਇਨਸਾਨ ਭੁੱਲ ਗਿਆ, ਗੱਲ ਸਾਂਝਾਂ ਤੇ ਪਿਆਰਾਂ ਦੀ

ਗੁਲਸ਼ਨ ਉੱਜੜੇ, ਮਾਲੀ ਰੋਇਆ, ਪੰਖ-ਪੰਖੇਰੂਆਂ ਮਾਤਮ ਕੀਤਾ
ਕੀਰਨੇ ਪਾਏ ਰੁੱਤਾਂ, ਤੱਕ ਕੇ ਬਲਦੀ ਚਿਖ਼ਾ ਬਹਾਰਾਂ ਦੀ

ਗੀਤ, ਗਜ਼ਲ ਤੇ ਕਾਵਿ ਸੁਰਾਂ, ਸਭ ਰੁੱਸੇ ਜਾਪਣ ਸਾਡੇ ਨਾਲ
ਮਹਿਫ਼ਲ ਵਿੱਚ ਚਰਚਾ ਹੈ ਅੱਜਕਲ, ਝੋਲੀ ਪਏ ਅੰਗਿਆਰਾਂ ਦੀ

ਭੁੱਖ, ਨੰਗ, ਕੰਗਾਲੀ, ਗ਼ੁਰਬਤ, ਜ਼ਾਤ-ਮਜ਼ਹਬ, ਭਾਸ਼ਾ ਦੇ ਝਗੜੇ
ਸਾਡੇ ਪੱਲੇ ਇਹੋ-ਬਖਸ਼ਿਸ਼, ਸਮੇਂ ਦੀਆਂ ਸਰਕਾਰਾਂ ਦੀ

ਯਾਦਾਂ ਦੇ ਨਸ਼ਤਰ ਸੰਗ ਦਿਲ ਦੇ ਜ਼ਖ਼ਮ ਪੁਰਾਣੇ ਗਏ ਕੁਰੇਦੇ
ਜਦ ਵੀ ਕਿਸੇ ਕਹਾਣੀ ਛੇੜੀ, ਟੁੱਟੇ ਕੌਲ-ਕਰਾਰਾਂ ਦੀ

*(17.5.84)*

## 3

ਜ਼ਰਾ ਨਬਜ਼ ਤਾਂ ਇਸਦੀ ਵੇਖਿਓ, ਤੇ ਕਰਿਓ ਕੋਈ ਉਪਚਾਰ ਵੇ
ਇੱਕ ਜੁੱਗੜਾ ਹੋਇਆ ਸਮੇਂ ਨੂੰ, ਖ਼ਬਰੇ ਕੀ ਵਗ ਗਈ ਮਾਰ ਵੇ

ਅੱਜ ਅੱਖਾਂ ਭਰ ਭਰ ਆਉਂਦੀਆਂ, ਦਿਲ ਰੋਂਦਾ ਜ਼ਾਰੋ ਜ਼ਾਰ ਵੇ
ਤੱਕ ਸਾਂਝਾਂ ਦੇ ਇਸ ਸਾਜ਼ ਦੀ, ਕਿੰਝ ਟੁੱਟਦੀ ਜਾਂਦੀ ਤਾਰ ਵੇ

ਅੱਜ ਫੁੱਲ ਟਾਹਣੀਓਂ ਝੜ ਗਏ, ਤੇ ਜੀਭਾਂ ਕੱਢ ਰਹੇ ਖ਼ਾਰ ਵੇ
ਤੱਕ ਗੁਲਸ਼ਨ ਦੇ ਇਸ ਹਾਲ ਨੂੰ, ਫੁੱਟ-ਫੁੱਟ ਕੇ ਰੋਈ ਬਹਾਰ ਵੇ

ਜੋ ਕਹਿੰਦੇ ਸੀ ਹਿੱਕ ਠੋਕ ਕੇ, ਸਾਡਾ ਦੀਨ-ਮਜ਼ਹਬ ਹੀ ਪਿਆਰ ਵੇ
ਖਬਰੇ ਕਿਸ ਪਾਸੇ ਤੁਰ ਗਏ, ਪ੍ਰੀਤਾਂ ਦੇ ਪਹਿਰੇਦਾਰ ਵੇ

ਸਾਊਆਂ ਦੀ ਕੋਮਲ ਸੋਚ ਤੇ, ਦਹਿਸ਼ਤ ਹੈ ਪਹਿਰੇਦਾਰ ਵੇ
ਅਕਲਾਂ ਤੇ ਪਹਿਰਾ ਧਰਮ ਦਾ ਤੇ ਹਿੰਮਤਾਂ ਹਨ ਲਾਚਾਰ ਵੇ

ਕਦ ਤੀਕਰ ਏਵੇਂ ਫਲੇਗਾ, ਇਹ ਨਫ਼ਰਤ ਦਾ ਵਿਓਪਾਰ ਵੇ
ਪੀੜਾਂ ਵਿੰਨ੍ਹੀ ਲੋਕਾਈ ਦਾ, ਕਿੰਝ ਹੋਸੀ ਬੇੜਾ ਪਾਰ ਵੇ

ਆਵੋ ਕੋਈ ਚਾਰਾ ਸੋਚੀਏ, ਭੁੱਲ ਕੇ ਸਾਰੇ ਤਕਰਾਰ ਵੇ
ਟੋਪੀ-ਪਗੜੀ ਦੀ ਦੋਸਤੀ, ਟੁੱਟੇ ਨਾ ਅੱਧ-ਵਿਚਕਾਰ ਵੇ

*(2.6.84)*

## 4

ਝੁੱਗੀਆਂ ਦੇ ਵਾਸੀਆਂ ਨੂੰ ਮਿੱਤਰ ਬਣਾ ਲਿਆ
ਢਾਰਿਆਂ ਤੇ ਛੰਨਾਂ ਵਿੱਚੋਂ ਜ਼ਿੰਦਗੀ ਨੂੰ ਪਾ ਲਿਆ

ਜਾਤ, ਰੰਗ, ਮਜ਼੍ਹਬ ਦੇ ਭੇਤ ਸਾਰੇ ਭੁੱਲਿਆ
ਰੰਗ ਜੋ ਮਨੁੱਖਤਾ ਦਾ ਦਿਲ 'ਚ ਵਸਾ ਲਿਆ

ਭਗਤ-ਸਰਾਭਿਆਂ ਦੀ ਸ਼ਾਨ ਸਦਾ ਉੱਚੀ ਰੱਖੀ
ਬਾਬਿਆਂ ਦਾ ਸ਼ਾਨਾਂ-ਮੱਤਾ ਵਿਰਸਾ ਸੰਭਾਲਿਆ

ਚੰਦਰੀਆਂ ਪੌਣਾਂ ਥੱਕ, ਹਾਰ, ਹੰਭ ਗਈਆਂ
ਅਸਾਂ ਏਕਤਾ-ਚਰਾਗ਼, ਸਾਂਝਾ ਲਹੂ ਪਾ ਕੇ ਬਾਲਿਆ

ਖੁਸ਼ੀ ਜੋ ਵੀ ਮਿਲੀ, ਕੁੱਲ ਦੁਨੀਆਂ 'ਚ ਵੰਡੀ
ਸੀਨੇ ਨਾਲ ਲੋਕਤਾ ਦਾ, ਸਾਰਾ ਗ਼ਮ ਲਾ ਲਿਆ

*(25.7.84)*

## 5

ਜਦ ਕਦੇ ਉਹ ਭੁੱਲ ਕੇ ਮਹਿਫ਼ਲ 'ਚ ਆਇਆ ਕਰਨਗੇ
ਦੋਸਤਾਂ ਵੱਲ ਦੇਖ ਕੇ ਨੀਵੀਂ ਤਾਂ ਪਾਇਆ ਕਰਨਗੇ

ਮਿਲ ਗਏ ਜੇ ਭੁੱਲ-ਭੁਲੇਖੇ, ਰਾਹ ਕਿਸੇ ਦੇ ਮੋੜ 'ਤੇ
ਨਜ਼ਰਾਂ ਬਚਾ ਕੇ ਕੋਲ ਦੀ ਉਹ ਗੁਜ਼ਰ ਜਾਇਆ ਕਰਨਗੇ

ਛਿੜ ਗਿਆ ਮਹਿਫ਼ਲ 'ਚ ਜੇ ਉਸ ਬੇ-ਰੁਖ਼ੀ ਦਾ ਤਜ਼ਕਰਾ
ਵੇਸਵਾ ਦੇ ਵਾਂਗਰਾਂ ਹੱਸ ਕੇ ਦਿਖਾਇਆ ਕਰਨਗੇ

ਮੰਨਿਆ ਬਦਲਦੇ ਰਹਿਣਗੇ, ਚਿਹਰੇ ਦੀ ਰੰਗਤ ਨੂੰ ਮਗਰ
ਖ਼ੂਨ ਭਿੱਜੇ ਹੱਥ ਉਹ, ਕੀਕਣ ਛੁਪਾਇਆ ਕਰਨਗੇ

ਕਿੰਝ ਭਲਾ ਛੱਡ ਦੇਣਗੇ, ਆਪਣੀ ਪੁਰਾਣੀ ਰੀਤ ਨੂੰ
ਕਰ ਕੇ ਜ਼ਖਮੀ, ਬਾਅਦ ਵਿੱਚ ਮਲ੍ਹਮਾਂ ਲਗਾਇਆ ਕਰਨਗੇ

ਇੱਕ ਦਿਨ ਤਾਂ ਲੱਥ ਹੀ ਜਾਏਗਾ, ਦੌਲਤ ਤੇ ਤਾਕਤ ਦਾ ਨਸ਼ਾ
ਆਪਣੀ ਕੀਤੀ ਤੇ ਫਿਰ, ਅੱਥਰੂ ਵਹਾਇਆ ਕਰਨਗੇ

*(8.9.94)*

## 6

ਨਹੀਂ ਕਿਸੇ ਇੱਕ ਪਿੰਡ ਦਾ ਹਾਲ
ਬੀਤ ਰਹੀ ਇਹ ਹਰ ਇੱਕ ਨਾਲ

ਨਾ ਗਾਉਂਦਾ, ਨਾ ਨੱਚਦਾ ਕੋਈ
ਭੁੱਲੇ ਸੁਰ, ਵਿੱਸਰ ਗਈ ਤਾਲ

ਕੱਠਿਆਂ ਜਿਸਦੀ ਛਾਂ ਮਾਣੀ ਸੀ
ਉਸ ਪਿੱਪਲ ਦੇ ਝੜ ਗਏ ਡਾਲ

ਹੱਲ ਅਜੇ ਨਾ ਹੋ ਸਕਿਆ ਹੈ
ਭਾਸ਼ਾ, ਕੌਮ, ਧਰਮ ਦਾ ਸਵਾਲ

ਅਜੇ ਤਾਂ ਸਾਨੂੰ ਜਕੜੀ ਬੈਠਾ
ਗ਼ੁਰਬਤ, ਅਨਪੜ੍ਹਤਾ ਦਾ ਜਾਲ

ਕਿਸੇ ਨੂੰ ਚੁੱਕੇ, ਕਿਸੇ ਨੂੰ ਡੇਗੇ
ਹਾਕਮ ਦੀ ਨਿੱਤ ਨਵੀਂ ਹੀ ਚਾਲ

ਕੱਟਿਆ ਸੀਸ ਦਿਖਾਇਆ, ਫਿਰ ਵੀ
ਕਾਤਲ ਨਹੀਂ ਕਰਦਾ ਇਕਬਾਲ

ਲੇਕਿਨ, ਕੁੱਝ ਮਤਵਾਲੇ ਰਾਹੀ
ਕਰਨ ਤੁਰੇ ਜੀਵਨ ਦੀ ਭਾਲ

ਦਿਲ ਵਿੱਚ ਜੋਸ਼, ਨਜ਼ਰ ਵਿੱਚ
ਮੰਜ਼ਿਲ ਹੱਥਾਂ ਵਿੱਚ ਫ਼ਰੇਰੇ ਲਾਲ

*(5. 10. 84)*

## 7

ਫੁੱਲ ਜਦੋਂ ਮੁਰਝਾ ਜਾਂਦਾ ਹੈ
ਫਲ ਦੇ ਵਿੱਚ ਸਮਾ ਜਾਂਦਾ ਹੈ

ਬੀਜਾਂ ਖ਼ਾਤਰ, ਫੁੱਲ ਵੀ ਦੇਖੋ
ਆਪਣੀ ਹੋਂਦ ਮਿਟਾ ਜਾਂਦਾ ਹੈ

ਮੁੱਕਦੇ ਨਹੀਂ ਪਰਵਾਨੇ ਮਰ ਕੇ
ਇੱਕ ਸੜਦਾ, ਇੱਕ ਆ ਜਾਂਦਾ ਹੈ

ਗੀਤ, ਜੇ ਹੋਵੇ ਰੁੱਤ ਗਾਵਣ ਦੀ
ਖ਼ੁਦ ਹੋਠਾਂ ਤੇ ਆ ਜਾਂਦਾ ਹੈ

ਕਦੇ ਕਦੇ ਪਰ ਦਿਲ ਇਹ ਕਮਲਾ
ਬਿਨਾ ਬਹਿਰ ਤੋਂ ਗਾ ਜਾਂਦਾ ਹੈ

ਇੱਕ ਹੋ ਕੇ ਜਦ ਉੱਠਦੇ ਕਾਮੇ
ਇਨਕਲਾਬ ਵੀ ਆ ਜਾਂਦਾ ਹੈ

*(18.11.84)*

## ੮

ਨਾ ਹਿੰਦੂ, ਨਾ ਸਿੱਖ ਅਖਵਾਈਏ
ਕਿਉਂ ਨਾ ਬੱਸ ਇਨਸਾਂ ਬਣ ਜਾਈਏ

ਜੋ ਸਾਂਝਾਂ ਦੇ ਗੀਤ ਗਵਾਚੇ
ਆ ਰਲ-ਮਿਲ ਕੇ ਢੂੰਡ ਲਿਆਈਏ

ਆਪਣੇ ਹੱਥੀਂ, ਆਪਣੇ ਘਰ ਨੂੰ
ਆਪੇ ਕਾਹਨੂੰ ਲਾਂਬੂ ਲਾਈਏ

ਇਹ ਕਿਸ ਮੋੜ ਤੇ ਆਣ ਖੜ੍ਹੇ ਹਾਂ
ਆ ਜਾ ਵਾਪਸ ਘਰਾਂ ਨੂੰ ਜਾਈਏ

ਆ ਕੋਈ ਐਸੀ ਬਣਤ ਬਣਾਈਏ
ਚਿੜੀਆਂ ਕੋਲੋਂ ਬਾਜ ਤੁੜਾਈਏ

*(2.12.84)*

## ੦

ਪਤਾ ਹੁੰਦਾ ਐਵੇਂ ਕਿਉਂ ਉਮਰ ਗਾਲਦੇ
ਰਾਖ਼ ਵਿੱਚੋਂ ਰਹੇ ਚੰਗਿਆੜੀ ਭਾਲਦੇ

ਇੱਕ ਵੀ ਪੜਾਅ ਨਾ ਅਸੀਂ ਕਰ ਸਕੇ ਸਰ
ਦੂਰ ਗਏ ਨਿੱਕਲ ਰਾਹੀ ਸਾਡੇ ਨਾਲ ਦੇ

ਜਿਹੜਾ ਜਾ ਕੇ ਡੁੱਬ ਗਿਆ ਅੱਧ ਵਿੱਚ ਹੀ
ਅਸੀਂ ਉਹਨੂੰ ਕੰਢਿਆਂ 'ਤੇ ਰਹੇ ਭਾਲਦੇ

ਰੋਣਾ ਕਿੰਝ ਮੁੱਕੇ, ਸਾਨੂੰ ਯਾਦ ਆਂਵਦੇ ਨੇ
ਹਾਦਸੇ ਤਮਾਮ ਬੀਤੇ ਹੋਏ ਸਾਲ ਦੇ

ਹਾਸਿਆਂ ਵਿਹੀਣ, ਏਸ ਨਗਰੀ ਦੇ ਲੋਕ
ਰੁੰਡ-ਮੁੰਡ ਰੁੱਖ ਝੰਬੇ ਜਿਉਂ ਸਿਆਲ ਦੇ

*(2. 1. 85)*

## 10

ਨਫ਼ਰਤ ਦਾ ਪਰਚਾਰ ਹੋ ਗਿਆ
ਪਿਆਰ ਬੜਾ ਲਾਚਾਰ ਹੋ ਗਿਆ

'ਬੰਦੇ' ਦੀ ਪਹਿਚਾਣ ਰਹੀ ਨਾ
ਮੋਨਾ ਜਾਂ ਸਰਦਾਰ ਹੋ ਗਿਆ

ਪੌਣ ਸਰਾਪੀ, ਗੰਧਲੇ ਪਾਣੀ
ਉਫ਼! ਜੀਣਾ ਦੁਸ਼ਵਾਰ ਹੋ ਗਿਆ

ਲੀਕਾਂ ਅੰਦਰ ਸਿਮਟ ਕੇ ਜੀਣਾ
ਕਿੰਝ ਸਾਨੂੰ ਦਰਕਾਰ ਹੋ ਗਿਆ

'ਉਹ' ਤਾਂ ਜਾਣ ਸੁਰਖ਼ਰੂ ਹੋ ਗਏ
ਸਾਡੇ ਸਿਰਾਂ 'ਤੇ ਭਾਰ ਹੋ ਗਿਆ

*(12.2.85)*

## 11

ਨਾ ਖ਼ਬਰ ਕੋਈ, ਨਾ ਬਾਕੀ ਹੈ ਨਿਸ਼ਾਂ
ਰਸਤਿਆਂ ਦੀ ਧੂੜ ਬਣ ਗਏ ਕਾਰਵਾਂ

ਅੰਨ੍ਹੀਆਂ ਲਹਿਰਾਂ ਨੇ ਕਿਸ਼ਤੀ ਖਾ ਲਈ
ਉੱਡ ਗਏ ਸੰਗ ਨ੍ਹੇਰੀਆਂ ਦੇ ਬਾਦਬਾਂ

ਤ੍ਰੇਲ ਦੀ ਹਰ ਬੂੰਦ ਸ਼ੋਅਲਾ ਜਾਪਦੀ
ਤੱਤੀ ਤੱਤੀ ਲੱਗਦੀ ਰੁੱਖਾਂ ਦੀ ਛਾਂ

ਨਾ ਦਿਸ਼ਾ ਦਾ ਇਲਮ, ਨਾ ਸੰਗੀ ਕੋਈ
ਪੁੱਛਦਾ ਰਾਹੀ, ਮੈਂ ਹੁਣ ਕਿੱਧਰ ਨੂੰ ਜਾਂ

ਦੇਖੇ ਦੇਖੇ ਜਾਪਦੇ ਖੰਡਰ ਇਹ ਕਿਉਂ
ਇਸ ਤਰਫ਼ ਤਾਂ ਮੈਂ ਕਦੇ ਆਇਆ ਨਾ ਸਾਂ

ਫਿੱਕੇ ਫਿੱਕੇ ਯਾਦ ਨੇ ਕਈ ਹਾਦਸੇ
ਤੇ ਯਾਦ ਨੇ ਬੱਸ ਰਿਸ਼ਤਿਆਂ ਦੇ ਚੰਦ ਕੁ ਨਾਂ

ਕੋਈ ਦੱਸੇ ਤਾਂ ਇਹ ਲੋਕਾਂ ਦਾ ਕਵੀ
ਮਰਸੀਏ ਕਿਉਂ ਗਾ ਰਿਹਾ ਗੀਤਾਂ ਦੀ ਥਾਂ

*(24.3.85)*

## 12

ਮਜਲਿਸਾਂ ਉੱਠ ਜਾਣ ਦੀ, ਜਦ ਵੀ ਕਹਾਣੀ ਛਿੜੇਗੀ
ਦੋਸਤਾਂ ਦੀ ਬੇ-ਰੁਖ਼ੀ ਦਾ ਜ਼ਿਕਰ ਆਇਆ ਕਰੇਗਾ

'ਅੱਤ' ਦਾ ਜੇ ਦੈਂਤ ਨਾ ਵਿੱਚ ਸੱਥ ਲਿਆ ਕੇ ਮਾਰਿਆ
ਆਦਮੀ ਪਰਛਾਵਿਆਂ ਤੋਂ ਦਹਿਲ ਜਾਇਆ ਕਰੇਗਾ

ਬਣ ਕੇ ਜੇ ਦੀਵਾਰ ਨਾ ਪਾਗ਼ਲ ਹਵਾ ਨੂੰ ਰੋਕਿਆ
ਇੱਕ ਨਾ ਇੱਕ ਤਾਂ ਹਾਦਸਾ, ਨਿੱਤ ਪੇਸ਼ ਆਇਆ ਕਰੇਗਾ

ਪੜਦੇ ਪਿਛਲਾ ਹੱਥ ਨਾ ਜਦ ਤੱਕ ਫੜਾਂਗੇ ਦੋਸਤੋ
ਪੁਤਲੀਆਂ ਦਾ ਖੇਲ੍ਹ ਕੀਕਣ ਸਮਝ ਆਇਆ ਕਰੇਗਾ

*(13.4.85)*

## 13

ਸਾਡੀ ਨਜ਼ਰ ਹੋਈ ਜਦ ਹਾਣ ਜ਼ਮਾਨੇ ਦੇ
ਗਲੀ ਗਲੀ ਗੂੰਜਣਗੇ ਬੋਲ 'ਤਰਾਨੇ' ਦੇ

ਬੇਸ਼ੱਕ ਅੱਜਕਲ ਕਮੀ ਬੜੀ ਹੈ ਗੀਤਾਂ ਦੀ
ਛੇਤੀ ਘਾਟੇ ਪੂਰਾਂਗੇ ਹਰਜਾਨੇ ਦੇ

ਬਦਲੇਗਾ ਪੈਮਾਨਾ, ਸਾਕੀ ਬਦਲੇਗਾ
ਕਾਇਦੇ ਸਾਰੇ ਬਦਲਣਗੇ ਮੈ-ਖ਼ਾਨੇ ਦੇ

ਕੁਰਬਾਨੀ ਦਾ ਜਜ਼ਬਾ ਸਾਡੀ ਫਿਤਰਤ ਹੈ
ਨਹੀਂ ਹਾਂ ਇੱਛੁਕ ਅਸੀਂ ਕਿਸੇ ਸ਼ੁਕਰਾਨੇ ਦੇ

ਸ਼ਹਿਰ ਤੇਰੇ ਵਿੱਚ ਹੁਕਮ-ਅਦੂਲੀ ਜਾਰੀ ਹੈ
ਲੋਕੀਂ ਬਣਦੇ ਜਾਂਦੇ, ਯਾਰ ਦੀਵਾਨੇ ਦੇ

*(22.4.85)*

## 14

ਅਕਲ ਨੂੰ ਰੁਸਵਾ ਕਰਦੇ ਲੋਕ
ਦਿਲ ਦਾ ਪਾਣੀ ਭਰਦੇ ਲੋਕ

ਹਾਦਸਿਆਂ ਵਿੱਚ ਜੀਉਂਦੇ ਲੋਕ
ਹਾਦਸਿਆਂ ਵਿੱਚ ਮਰਦੇ ਲੋਕ

ਰਸਮ ਜਿਹੀ ਬਣ ਰਹਿ ਜਾਂਦੇ
ਰੋਜ਼ ਤਰੱਕੀ ਕਰਦੇ ਲੋਕ

ਵਿੱਚ ਝਨਾਂ ਦੇ ਤਪਦੇ ਰਹਿੰਦੇ
ਮਾਰੂਥਲ ਵਿੱਚ ਠਰਦੇ ਲੋਕ

ਸ਼ਿਕਵਾ ਗ਼ੈਰਾਂ ਤੇ ਕੀ ਕਰੀਏ
ਬੇ-ਮੁੱਖ ਹੋਏ ਘਰਦੇ ਲੋਕ

ਬੇਸ਼ੱਕ ਬੜੇ ਬੇ ਦਰਦੇ ਲੋਕ
ਫਿਰ ਵੀ ਦੁੱਖ ਹੀ ਜਰਦੇ ਲੋਕ

ਬਰਸਾਤਾਂ ਵਿੱਚ ਖਾਲੀ ਬੱਦਲ
ਬੇ-ਮੌਸਮ ਹੀ ਵਰ੍ਹਦੇ ਲੋਕ

ਮੌਤੋਂ ਭੈੜੀ ਜ਼ਿੰਦਗੀ ਜੀਉਂਦੇ
ਫਿਰ ਵੀ ਮਰਨੋਂ ਡਰਦੇ ਲੋਕ

*(25.5.85)*

## 15

ਬੰਜਰਾਂ ਕੱਲਰਾਂ 'ਚ ਕੋਈ ਫੁੱਲ ਉੱਗਦਾ ਕਦ ਭਲਾ
ਵਸਦਿਆਂ ਨੂੰ ਉਜੱੜਿਆਂ ਦਾ ਸਾਥ ਪੁੱਗਦਾ ਕਦ ਭਲਾ

ਰਹਿਣ ਦੇ ਓਹਲਾ ਹਵਾ ਦਾ, ਹਟ ਵੀ ਜਾ ਫੂਕਾਂ ਨਾ ਮਾਰ
ਬੁਝ ਗਿਆ ਪੱਥਰ ਦਾ ਕੋਲਾ, ਫਿਰ ਤੋਂ ਮਘਦਾ ਕਦ ਭਲਾ

ਕਾਲੀਆਂ ਰਾਤਾਂ ਦੇ ਸੀਨੇ ਹੂਕ ਨਾ ਉੱਠਣੀ ਕਦੇ
ਡੁੱਬ ਗਏ ਸੂਰਜ ਦਾ ਗ਼ਮ, ਨ੍ਹੇਰੇ ਨੂੰ ਲਗਦਾ ਕਦ ਭਲਾ

ਰੌਸ਼ਨੀ ਨੂੰ ਢੂੰਡਦੇ ਹੀ ਗੁੰਮ ਜਾਓਗੇ ਤੁਸੀਂ
ਸੁੰਨੀਆਂ ਕਬਰਾਂ 'ਤੇ ਕੋਈ ਦੀਪ ਜਗਦਾ ਕਦ ਭਲਾ

ਰੇਤਲੀ ਮਿੱਟੀ ਦੇ ਬੰਨ੍ਹ, ਕਦ ਤੱਕ ਸਹਾਰਾ ਦੇਣਗੇ
ਵਹਿਣ ਇੰਝ ਦਰਿਆ ਦਾ ਕੋਈ ਰੋਕ ਸਕਦਾ ਕਦ ਭਲਾ

*(26. 7. 85)*

## 16

ਅੱਜ ਵੀ ਇਸ ਸ਼ਹਿਰ ਦੇ ਪੱਥਰ ਗਵਾਹ ਨੇ
ਕਿਸ ਤਰ੍ਹਾਂ ਦਮ ਤੋੜਿਆ, ਹੱਸਣ ਦੀ ਚਾਹ ਨੇ

ਕੀ ਪਤਾ ਕੀ ਸੋਚ ਕੇ ਬੱਦਲ ਸੀ ਆਇਆ
ਇੱਕ ਨਾ ਚੱਲਣ ਦਿੱਤੀ ਪਾਗ਼ਲ ਹਵਾ ਨੇ

ਜੋ ਅਸਾਡੀ ਭੁੱਲ ਦਾ ਅਹਿਸਾਸ ਦੇਵਣ
ਰਸਤਿਆਂ ਤੋਂ ਮੀਲ ਪੱਥਰ ਲਾ-ਪਤਾ ਨੇ

ਕੀ ਭਲਾ ਹੁਣ ਲੋੜ ਹੈ ਉਸ ਇਕ ਖ਼ੁਦਾ ਦੀ
ਅਣਗਿਣਤ ਬੰਦੇ ਬਣੇ ਬੈਠੇ ਖ਼ੁਦਾ ਨੇ

ਸੜਕ ਦੇ ਹਰ ਮੋੜ ਤੇ ਬੇ-ਸ਼ਕ ਸਲੀਬਾਂ
ਸੱਚ ਦੇ ਰਾਹੀ ਕਦੋਂ ਰੁਕਦੇ ਭਲਾ ਨੇ

ਆਪਣੀ ਹੀ ਝੋਲ ਹੈ ਅਜ਼ਲਾਂ ਤੋਂ ਖ਼ਾਲੀ
ਰਹਿਮਤਾਂ ਉਂਜ 'ਉਹਦੀਆਂ' ਤਾਂ ਬੇ-ਪਨਾਹ ਨੇ

ਲਟਕ ਕੇ ਸੂਲੀ ਵੀ ਈਸਾ ਨੇ ਕਿਹਾ ਸੀ
ਬਖ਼ਸ਼ ਦੇ ਰੱਬਾ, ਇਹ ਸਾਰੇ ਬੇ-ਗੁਨਾਹ ਨੇ

*(12.8.85)*

## 17

ਮਿਰਾ ਦਿਲ ਵੀ ਬੜਾ ਕਰਦਾ, ਬਹਾਰਾਂ ਬਣ ਕੇ ਛਾ ਜਾਈਏ
ਕਿ ਸੁੰਨੀ ਮਾਂਗ ਹਰ ਇੱਕ ਵਾਸਤੇ ਸੰਧੂਰ ਬਣ ਜਾਈਏ

ਬਸੰਤੀ ਚੁੰਨੀਆਂ ਦੀ ਤ੍ਰਾਸਦੀ ਤਾਜ਼ਾ ਹੈ ਯਾਦਾਂ ਵਿੱਚ
ਸ਼ਮਲ੍ਹੇ ਵਾਲੀਆਂ ਪੱਗਾਂ ਦੀ ਯਾਰਾ ਬਾਤ ਕਿੰਝ ਪਾਈਏ

ਅਜੇ ਧਰਤੀ 'ਚ ਟੋਏ ਨੇ, ਅਜੇ ਆਵਾਜ਼ ਜ਼ਖਮੀ ਹੈ
ਅਸੀਂ ਨੱਚੀਏ ਤਾਂ ਕਿੰਝ ਨੱਚੀਏ, ਅਸੀਂ ਗਾਈਏ ਤਾਂ ਕੀ ਗਾਈਏ

ਕੋਈ ਨੀਲਾ, ਕੋਈ ਪੀਲਾ, ਕੋਈ ਚਿੱਟਾ ਹੈ ਏਥੇ ਤਾਂ
ਅਸੀਂ ਇਨਸਾਨ ਹੀ ਰਹਿਣਾ ਹੈ, ਕਿਹੜਾ ਰੰਗ ਅਪਣਾਈਏ

ਕੜਕਦੀ ਧੁੱਪ ਵਿੱਚ ਰਹਿ ਕੇ ਵੀ ਦਿੰਦੇ ਛਾਂ ਨੇ ਮਾਂ ਵਰਗੀ
ਇਨ੍ਹਾਂ ਰੁੱਖਾਂ ਤੋਂ ਕੁੱਝ ਸਿੱਖੀਏ, ਅਜੇਹੀ ਰੀਤ ਅਪਣਾਈਏ

ਬੜਾ ਸੌਖਾ ਝਰੋਖੇ ਅੰਦਰੋਂ ਅਸਮਾਨ ਵਲ ਤੱਕਣਾ
ਬਦਲ ਅੰਦਾਜ਼, ਟੁੱਟਦੇ ਤਾਰਿਆਂ ਨੂੰ ਆ ਗਲੇ ਲਾਈਏ

*(8.10.85)*

## 18

ਹਰ ਸ਼ਾਮ ਆ ਖਲੋਂਦੀ, ਧੁਖਦੇ ਸਵਾਲ ਲੈ ਕੇ
ਕਿੱਥੋਂ ਜਵਾਬ ਢੂੰਡਾਂ, ਸੱਜਣਾਂ ਤੋਂ ਦੂਰ ਰਹਿ ਕੇ

ਲੱਭਦਾ ਹਾਂ ਨਿੱਤ ਹਵਾ ਚੋਂ, ਖੁਸ਼ਬੂ ਤਿਰੇ ਨਗਰ ਦੀ
ਆਖਾਂ ਮੈਂ ਪੰਛੀਆਂ ਨੂੰ, ਆਇਓ ਸੁਨੇਹਾ ਲੈ ਕੇ

ਉਲਝੇ ਸੀ ਜੋ ਚਿਰਾਂ ਦੇ, ਸ਼ਬਦਾਂ ਨੂੰ ਅਰਥ ਲੱਭੇ
ਜ਼ਿੰਦਗੀ ਦੇ ਵਰਕ ਫ਼ੋਲੇ, ਜਾਂ ਕੋਲ ਤੇਰੇ ਬਹਿ ਕੇ

ਚਿੱਤਰੇ ਜੋ ਖ਼ਾਬ ਰੰਗਲੇ, ਅੱਖੀਆਂ ਦੇ ਕੈਨਵਸ ’ਤੇ
ਅੱਥਰੂ ਨਾ ਖੋਰ ਜਾਵਣ, ਪਲਕਾਂ ਨੂੰ ਰੱਖ ਕਹਿ ਕੇ

ਰਾਹੀ ਹਾਂ, ਪੰਧ ਤੇ ਹਾਂ, ਅੰਜਾਮ ਦੀ ਕਿਉਂ ਸੋਚਾਂ
ਆਗਾਜ਼ ਕਰ ਲਿਆ ਹੈ, ਜਦ ਨਾਮ ਤੇਰਾ ਲੈ ਕੇ

ਮੌਸਮ ਬਦਲਦੇ ਰਹਿੰਦੇ, ਪੱਤਝੜ ਕਦੇ ਬਹਾਰਾਂ
ਅਸਾਂ ਮੌਲਦੇ ਹੀ ਰਹਿਣਾ, ਰੁੱਤਾਂ ਦੀ ਮਾਰ ਸਹਿ ਕੇ

ਟਿੱਬਿਆਂ ਦੀ ਰੇਤ ਵਾਂਗਰ, ਖੁਰ ਜਾਏਗੀ ਹਰ ਅੜਚਣ
ਦਰਿਆ ਦੇ ਵਾਂਗ ਵਗਣਾ, ਕੰਢਿਆਂ ਦੇ ਨਾਲ ਖਹਿ ਕੇ

*(15.12.85)*

## 19

ਰਾਤ ਕਾਲੀ ਦਾ ਇਹ ਅੰਤਿਮ ਹੀ ਪੜਾਅ ਹੈ
ਰੌਸ਼ਨੀ ਦੇ ਆਸ਼ਕੋ, ਦਿਨ ਦਾ ਚੜ੍ਹਾਅ ਹੈ

ਜਾਗਦੇ ਸ਼ਮਸ਼ਾਨ ਦੀ ਇਹ ਲੋਅ ਨਹੀਂ ਹੈ
ਸੌਂ ਰਹੇ ਸੂਰਜ ਨੇ ਪਾਸਾ ਪਰਤਿਆ ਹੈ

ਆਈਨੇ ਦੇ ਰੂ-ਬਰੂ ਹੋ ਕੇ ਤਾਂ ਵੇਖ
ਚਿਹਰਿਆਂ ਦੀ ਦਿੱਖ ਵਿਚ ਅੰਤਰ ਬੜਾ ਹੈ

ਸਾਥ ਹਰ ਉਸ ਸ਼ਖ਼ਸ ਦਾ ਦੇਣਾ ਜ਼ਰੂਰ
ਜੋ ਇਕੱਲਾ ਜ਼ੁਲਮ ਦੇ ਸਾਹਵੇਂ ਖੜ੍ਹਾ ਹੈ

ਕਰ ਤਿਆਰੀ ਸਫ਼ਰ ਦੇ ਆਗ਼ਾਜ਼ ਦੀ
ਕਾਫ਼ਲਾ ਦਰ 'ਤੇ ਮਸ਼ਾਲਾਂ ਲੈ ਖੜ੍ਹਾ ਹੈ

*(25.9.88)*

## 20

ਫਿਰ ਬੱਚੇ ਬਣ ਜਾਈਏ ਯਾਰ
ਅੰਬਰ ਟਾਕੀ ਲਾਈਏ ਯਾਰ

ਲੁੱਕਣ-ਮੀਟੀ, ਘੋਝ-ਕਬੱਡੀ
ਰੋਹੀਂ ਧੂੜ ਉਡਾਈਏ ਯਾਰ

ਸ਼ਾਮੀਂ ਚਾਮ-ਚੜਿੱਕਾਂ ਫੜੀਏ
ਖੰਡਰੀਂ ਰੌਣਕ ਲਾਈਏ ਯਾਰ

ਬੇਸ਼ੱਕ ਰਸਤਾ ਭੁੱਲ 'ਜੇ ਮਾਮਾ
ਦਿਨ ਵਿੱਚ ਬਾਤਾਂ ਪਾਈਏ ਯਾਰ

ਰੋਜ਼ ਸਵੇਰੇ ਝਗੜਾ ਕਰੀਏ
ਸ਼ਾਮੀਂ ਇੱਕ ਹੋ ਜਾਈਏ ਯਾਰ

ਨਾ ਤੂੰ ਜਿੱਤੇਂ, ਨਾ ਮੈਂ ਹਾਰਾਂ
ਐਸੀ ਬਾਜ਼ੀ ਲਾਈਏ ਯਾਰ

ਤੈਨੂੰ ਲੱਗੇ ਤਾਂ ਮੈਂ ਰੋਵਾਂ
ਕਾਹਦੀਆਂ ਵੰਡੀਆਂ ਪਾਈਏ ਯਾਰ

ਵੱਡੇ ਹੋਕੇ ਜੋ ਕੁਛ ਮਿਲਿਆ
ਆ, ਵਾਪਸ ਕਰ ਆਈਏ ਯਾਰ

*(19.9.90)*

## 21

ਕਾਫ਼ਲੇ ਬਦਲੇ ਨਾ ਰਾਹਵਾਂ ਬਦਲੀਆਂ
ਝੂਠੀਆਂ ਸਭ ਧਾਰਣਾਵਾਂ ਨਿੱਕਲੀਆਂ

ਭਿੱਜਾ ਸਭ-ਕੁਛ ਦਿਲ ਦੀ ਧਰਤੀ ਤੋਂ ਸਿਵਾ
ਬਰਸੀਆਂ ਕੁਛ ਇਸ ਤਰ੍ਹਾਂ ਵੀ ਬੱਦਲੀਆਂ

ਉਡ ਗਈਆਂ ਕਾਗ਼ਜ਼ ਦੇ ਫੁੱਲ ਸੁੰਘੇ ਜਦੋਂ
ਬੈਠੀਆਂ ਰਸ ਲੈਣ ਨੂੰ ਸਨ ਤਿਤਲੀਆਂ

ਨ੍ਹੇਰਿਆਂ ਦੀ ਹਿੱਕ ਨਾ ਪਾਟੀ ਅਜੇ
ਲਿਸ਼ਕੀਆਂ ਸੌ ਵਾਰ ਬੇਸ਼ੱਕ ਬਿਜਲੀਆਂ

ਖੇਡ ਵਿੱਚ ਹੀ ਝੜ ਗਏ ਪੰਛੀ ਦੇ ਪਰ
ਕੀ ਕਰੂ ਹੁਣ ਜੇ ਉਮੰਗਾਂ ਮਚਲੀਆਂ

*(24.7.91)*

## 22

ਨਾ ਹੀ ਸਾਕੀ, ਨਾ ਸੁਬੂ, ਨਾ ਜਾਮ ਹੈ
ਬੇ-ਬਸੀ ਹੈ, ਬੇ-ਕਸੀ ਹੈ, ਸ਼ਾਮ ਹੈ

ਨਾ ਗ਼ਜ਼ਲ, ਛੰਦ-ਬੰਦ, ਨਾ ਕਵਿਤਾ ਕੋਈ
ਬੌਸ ਹੈ, ਮਾਤਿਹਤ ਹੈ, ਸਲਾਮ ਹੈ

ਵੋਟ ਹੈ, ਕੁੱਛ ਖੋਟ ਹੈ, ਵਿਸਫ਼ੋਟ ਹੈ
ਨਾ ਕੋਈ ਬਾਬਰ, ਨਾ ਓਥੇ ਰਾਮ ਹੈ

ਧਰਮ ਦੇ, ਇਖ਼ਲਾਕ ਦੇ ਮਾਇਨੇ ਨਵੇਂ
ਨਾ ਸੂਅਰ, ਹੁਣ ਨਾ ਹੀ ਗਊ ਹਰਾਮ ਹੈ

ਜੋ ਕਰੇ ਬੰਦੇ ਨੂੰ, ਬੰਦੇ ਤੋਂ ਜੁਦਾ
ਧਰਮ ਹੈ, ਨਾ ਜਾਤ ਹੈ, ਇਲਜ਼ਾਮ ਹੈ

*(20.8.91)*

## 23

ਜਦ ਤੋਂ ਜੁੜਿਆ ਸੰਗ ਅਸਾਡਾ ਰਾਹਵਾਂ ਨਾਲ
ਕਾਨਾਫੂਸੀ ਕਰਦੇ ਲੋਕ ਹਵਾਵਾਂ ਨਾਲ

ਕੀਕਣ ਰਹਿ ਸਕਦੇ ਹਾਂ ਖੜ੍ਹੇ ਕਿਨਾਰੇ 'ਤੇ
ਯਾਰੀ ਲਾ ਕੇ ਸੂਕਦਿਆਂ ਦਰਿਆਵਾਂ ਨਾਲ

ਕੱਲਾ ਇੰਝ 'ਣਿਆਈ ਮੌਤੇ ਮਰਦਾ ਨਾ
ਤੁਰਦਾ ਜੇਕਰ ਮੋਢਾ ਜੋੜ ਭਰਾਵਾਂ ਨਾਲ

ਕਿਹੜੀ ਜੰਗਜੂ ਕੌਮ ਦੀ ਨੀਂਹ ਨੇ ਇਹ ਬੱਚੇ
ਰੋਟੀ ਖ਼ਾਤਰ ਲੜਦੇ ਕੁੱਤਿਆਂ-ਕਾਵਾਂ ਨਾਲ

ਗ਼ਜ਼ਲ, ਰੁਬਾਈ, ਕਵਿਤਾ, ਰੂਹ ਦਾ ਚੋਗਾ ਨੇ
ਢਿੱਡ ਨਹੀਂ ਭਰਦਾ ਕੋਈ ਕਦੇ ਕਲਾਵਾਂ ਨਾਲ

ਏਹਨਾਂ ਨੇ ਹੁਣ ਗਲ ਵਲ ਨੂੰ ਕੀ ਆਉਣਾ ਹੈ
ਯਾਰੋ ਕਾਹਦਾ ਰੋਸਾ, ਕੱਟੀਆਂ ਬਾਹਵਾਂ ਨਾਲ

ਹੁਕਮ-ਅਦੂਲੀ ਦੀਵਾਨੇ ਦੀ ਫ਼ਿਤਰਤ ਹੈ
'ਆਦੀ-ਮੁਜਰਿਮ' ਸੁਧਰੇ ਕਦੋਂ ਸਜ਼ਾਵਾਂ ਨਾਲ

*(3.11.91)*

## 24

ਜਾਂਦੀ ਰੁੱਤ ਦਾ ਜਨਾਬ ਕੀ ਕਰੀਏ
ਖੁੰਝੇ ਪਲ ਦਾ ਹਿਸਾਬ, ਕੀ ਕਰੀਏ

ਨਾ ਰਹੀ ਆਪਣੇ ਹੱਥ ਤੇ ਰੇਖਾ
ਰਾਸ਼ੀਫਲ ਦੀ ਕਿਤਾਬ, ਕੀ ਕਰੀਏ

ਰਾਤ ਹਿਜਰਾਂ ਦੀ ਲੰਮੀ ਉਮਰਾਂ ਤੋਂ
ਮੁੱਕਦੀ ਜਾਂਦੀ ਸ਼ਰਾਬ, ਕੀ ਕਰੀਏ

ਪਾਇਆ ਖ਼ਤ ਸੀ ਬੜਾ ਸ਼ਿੰਗਾਰ ਅਸਾਂ
ਆਇਆ ਕੋਰਾ ਜਵਾਬ, ਕੀ ਕਰੀਏ

ਲਾਉਂਦੇ ਰੂਹ ਦੀ ਉਡਾਣ 'ਤੇ ਪਹਿਰਾ
ਝੂਠੇ ਸ਼ਾਹੀ ਖਿਤਾਬ, ਕੀ ਕਰੀਏ

ਚਾਰ ਦਿਨ ਦੇ ਹੀ ਇਹ ਪ੍ਰਾਹੁਣੇ ਨੇ
ਰੰਗ, ਖੁਸ਼ਬੂ, ਸ਼ਬਾਬ, ਕੀ ਕਰੀਏ

*(5. 11. 91)*

## 25

ਤੇਰੀ ਜਫ਼ਾ ਦਾ ਗ਼ਮ ਕਰਦੇ ਹਾਂ
ਫਿਰ ਵੀ ਤੇਰਾ ਦਮ ਭਰਦੇ ਹਾਂ

ਦੁਨੀਆਂ ਨੂੰ ਠੋਕਰ 'ਤੇ ਰੱਖੀਏ
ਬਸ ਅਪਣੇ ਦਿਲ ਤੋਂ ਡਰਦੇ ਹਾਂ

ਨਾ ਮੰਦਿਰ ਨੂੰ, ਨਾ ਮਸਜਿਦ ਨੂੰ
ਆਦਮ ਨੂੰ ਸਜਦਾ ਕਰਦੇ ਹਾਂ

ਮਾਂ-ਬੋਲੀ ਤੋਂ ਮੁਨਕਰ ਹੋ ਕੇ
ਨਾ ਬਾਹਰ ਦੇ, ਨਾ ਘਰ ਦੇ ਹਾਂ

ਮਨ ਵਿੱਚ ਪ੍ਰੇਮ ਖੇਲ੍ਹਣ ਦਾ ਚਾਓ
ਤਾਹੀਓਂ ਸੀਸ ਤਲੀ ਧਰਦੇ ਹਾਂ

*(15.11.91)*

## 26

ਦੋ ਘੜੀ ਇੰਝ ਟਿਮਟਿਮਾਇਆ ਦੋਸਤਾ
ਨ੍ਹੇਰਿਆਂ ਦੇ ਵੱਸ ਪਾਇਆ ਦੋਸਤਾ

ਝਾਕ ਸੀ ਫੁੱਲਾਂ ਦੇ ਸੋਹਣੇ ਦੇਸ਼ ਦੀ
ਪੋਹਲੀਆਂ ਦਾ ਰਾਹ ਦਿਖਾਇਆ ਦੋਸਤਾ

ਕੀ ਦਿਆਂ ਰਾਹਾਂ ਦੀ ਧੁੱਪ ਨੂੰ ਦੋਸ਼ ਮੈਂ
ਲੂਹ ਗਿਆ ਰੁੱਖਾਂ ਦਾ ਸਾਇਆ ਦੋਸਤਾ

ਇਸ ਤਰ੍ਹਾਂ ਮਨ ਰਿਸ਼ਤਿਆਂ ਵਿੱਚ ਉਲਝਿਆ
ਭੁੱਲਿਆ ਅਪਣਾ-ਪਰਾਇਆ ਦੋਸਤਾ

ਸੁੱਕਿਆ ਪੱਤਣ ਤੇ ਜੀਕਣ ਰੁੱਖ ਮੈਂ
ਤੂੰ ਕਦੇ ਮੁੜ ਕੇ ਨਾ ਆਇਆ ਦੋਸਤਾ

ਬਹੁਤ ਮਹਿੰਗਾ ਪੈ ਗਿਆ ਤੇਰਾ ਹਿਸਾਬ
ਪਹਿਲਾਂ ਵੰਡਿਆ, ਫਿਰ ਘਟਾਇਆ ਦੋਸਤਾ

ਆਪਣੀ ਹੀ ਹੋਂਦ ਚੋਂ ਕੁਛ ਕਿਰ ਗਿਆ
ਤੂੰ ਜਦੋਂ ਵੀ ਯਾਦ ਆਇਆ ਦੋਸਤਾ

*(17.12.91)*

## 27

ਜ਼ਿੰਦਗੀ ਵਿੱਚ ਇਸ ਤਰ੍ਹਾਂ ਦੇ ਦਿਨ ਵੀ ਆਉਣੇ ਸੀ ਕਦੇ
ਮੂਰਤਾਂ ਜਹੇ ਯਾਰ ਵੀ ਲੱਗਣੇ ਡਰਾਉਣੇ ਸੀ ਕਦੇ

ਗੂੰਜਦੇ ਤੇ ਟੁਣਕਦੇ ਸਭ ਹਾਸਿਆਂ ਸੀ ਭੁੱਲਣਾ
ਸੁੰਨ ਪਏ ਰੋਸੇ ਨਹੋਰੇ ਯਾਦ ਆਉਣੇ ਸੀ ਕਦੇ

ਕੁਛ ਖਲਾਅ ਨੂੰ ਪੂਰਿਆ ਤੇ ਮਨ ਵੀ ਪਰਚਾਇਆ ਬੜਾ
ਆਖ਼ਰ ਤਾਂ ਟੁੱਟਣੇ ਹੀ ਉਹ ਮਿੱਟੀ ਦੇ ਖਿਡਾਉਣੇ ਸੀ ਕਦੇ

ਮੁੱਦਤ ਹੋਈ ਦਹਿਲੀਜ਼ ਤੇ ਨਾ ਤੇਲ ਚੋਇਆ ਹੈ ਕਿਸੇ
ਜਿਹੜੇ ਦਰ ਤੇ ਨਿੱਤ ਹੀ ਢੁਕਦੇ ਪ੍ਰਾਹੁਣੇ ਸੀ ਕਦੇ

ਜ਼ਿੰਦਗੀ, ਹਾਸੇ, ਖੁਸ਼ੀ ਛੁਪਣਾ ਸੀ ਚੋਰਾਂ ਵਾਂਗਰਾਂ
ਵਿਹੜਿਆਂ ਵਿੱਚ ਮੌਤ ਨੇ ਸੱਥਰ ਵਿਛਾਉਣੇ ਸੀ ਕਦੇ

*(2. 1. 92)*

# 28

ਨਾ ਯਾਦਾਂ ਘਰ ਦੀਆਂ ਰਹੀਆਂ, ਨਾ ਮੰਜ਼ਿਲ ਦਾ ਪਤਾ ਸਾਨੂੰ
ਇਹ ਕਿਹੜੇ ਮੋੜ ਤੇ ਪੁੱਜ ਦੇ ਗਿਆ ਰਹਿਬਰ ਦਗ਼ਾ ਸਾਨੂੰ

ਬੜਾ ਵਿਸ਼ਵਾਸ ਸੀ ਸਾਨੂੰ ਜਿਹਨਾਂ ਦੀ ਦੋਸਤੀ ਉੱਤੇ
ਕਦੋਂ ਦੁਸ਼ਮਣ ਬਣੇ ਕੁਛ ਵੀ ਤਾਂ ਲੱਗਾ ਨਾ ਪਤਾ ਸਾਨੂੰ

ਅਸੀਂ ਕੁਝ ਬੀਜੀਏ, ਸੋਚਾਂ 'ਚ ਬੱਸ ਹਥਿਆਰ ਉੱਗਦੇ ਨੇ
ਇਹ ਕਿਹੜੇ ਕਰਮ ਦੀ ਜਾਂ ਪਾਪ ਦੀ ਮਿਲਦੀ ਸਜ਼ਾ ਸਾਨੂੰ

ਹਰਿੱਕ ਮੌਸਮ ਨਵਾਂ ਇੱਕ ਰੰਗ ਹੈ ਉਸਦੀ ਅਦਾਵਤ ਦਾ
ਨਾ ਆਈ ਰਾਸ ਗੋਰੀ ਧੁੱਪ, ਨਾ ਕਾਲੀ ਘਟਾ ਸਾਨੂੰ

ਅਸਾਡੇ ਕੋਲ ਸੀ ਦੁਸ਼ਮਣ ਦੇ ਹਰ ਇੱਕ ਵਾਰ ਦਾ ਉੱਤਰ
ਜਦੋਂ ਕੀਤਾ ਹੈ, ਆਪਣਿਆਂ ਹੀ ਕੀਤਾ ਹੈ ਤਬਾਹ ਸਾਨੂੰ

ਅਸੀਂ ਹਰ ਦਿਲ ਚੋਂ ਲੱਭਕੇ ਓਸਦੀ ਤੌਹੀਨ ਕੀਤੀ ਹੈ
ਨਾ ਬਖਸ਼ਿਆ ਹੈ ਅਸੀਂ ਉਸਨੂੰ, ਨਾ ਬਖਸ਼ੇਗਾ ਖੁਦਾ ਸਾਨੂੰ

*(21.4.92)*

## 29

ਕਿਤੇ ਧੁੱਪ ਤਲਖ਼ੀਆਂ ਦੀ ਹੈ ਕਿਤੇ ਯਾਦਾਂ ਦੇ ਸਾਏ ਨੇ
ਇਹ ਕੇਹੇ ਰੁੱਖ ਹਯਾਤੀ ਦੇ ਨੇ ਚੰਦਰੇ ਲੇਖ ਪਾਏ ਨੇ

ਕਦੇ ਮੌਸਮ ਨੇ ਲੁੱਟਿਆ ਹੈ, ਕਦੇ ਮਾਲੀ ਨੇ ਕੱਟਿਆ ਹੈ
ਜਦੋਂ ਵੀ ਏਸ ਦੇ ਟਾਹਣੀਂ ਪੱਤੇ ਜਾਂ ਫੁੱਲ ਆਏ ਨੇ

ਉਹ ਕਿਉਂ ਅਹਿਸਾਨ ਕਰਦੇ, ਜੇ ਕੋਈ ਰਿਸ਼ਤਾ ਹੀ ਨਾ ਹੁੰਦਾ
ਕਿਵੇਂ ਕਹੀਏ ਮੁਸੀਬਤ ਦੇਣ ਵਾਲੇ ਹੀ ਪਰਾਏ ਨੇ

ਬੜੀ ਖ਼ਲਕਤ ਜੁੜੀ ਜਦ ਵੀ ਕਹਾਣੀ ਰਾਤ ਦੀ ਪਾਈ
ਕੋਈ ਸੁਣਨਾ ਨਾ ਚਾਹੇ ਕਿਸ ਤਰ੍ਹਾਂ ਦੇ ਦਿਨ ਬਿਤਾਏ ਨੇ

ਅਸੀਂ ਜੂਹਾਂ 'ਚ ਵਗਦੀ ਕੂਲ੍ਹ ਨੂੰ ਗੰਗਾ ਸਮਝ ਬੈਠੇ
ਤਦੇ ਤੀਰਥ ਹਜ਼ਾਰਾਂ ਏਸ ਦੇ ਕੰਢੇ ਬਣਾਏ ਨੇ

ਹਰਿੱਕ ਡੂੰਘੇ ਸਮੁੰਦਰ ਸਿੱਪੀਆਂ ਦਾ ਵਾਸ ਨਹੀਂ ਹੁੰਦਾ
ਕਈ ਗੋਤੇ ਭਰੇ ਫਿਰ ਵੀ ਨਾ ਮੋਤੀ ਹੱਥ ਆਏ ਨੇ

*(30.4.92)*

## 30

ਪੋਟਾ-ਪੋਟਾ ਨਿੱਤ ਮਰਦਾ ਸੀ, ਅੱਜ ਸਬੂਤਾ ਮੋਇਆ ਹੈ
ਤਾਹੀਓਂ ਸ਼ਾਇਦ ਲੋਕੀਂ ਆਖਣ ਅੱਜ ਉਹ ਪੂਰਾ ਹੋਇਆ ਹੈ

ਤਾਰੇ ਝਿਲਮਿਲ ਕਰਦੇ ਨੇ ਤੇ ਚੰਦ ਵੀ ਘਟਦਾ ਵਧਦਾ ਹੈ
ਏਸ ਤਮਾਸ਼ੇ ਪਿੱਛੇ ਕੁਦਰਤ, ਕੁਛ ਤਾਂ ਭੇਤ ਲੁਕੋਇਆ ਹੈ

ਰਾਤ-ਦਿਨਾਂ ਦਾ ਵਿਊ-ਚੱਕਰ ਵੀ, ਅਜਬ ਕ੍ਰਿਸ਼ਮਾ ਕੁਦਰਤ ਦਾ
ਜਦ ਵੀ ਪੈਰ ਚਾਨਣੇ ਧਰਿਆ, ਨ੍ਹੇਰਾ ਨੱਸ ਖਲੋਇਆ ਹੈ

ਸੰਬੰਧਾਂ ਦੇ ਡੂੰਘੇ ਸਾਗਰ, ਸਾਥੋਂ ਗਏ ਹੰਘਾਲੇ ਨਾ
ਇੱਕ ਨੂੰ ਸੱਜਣ ਕਹਿ ਬੈਠੇ ਤਾਂ ਦੂਜਾ ਦੁਸ਼ਮਣ ਹੋਇਆ ਹੈ

ਜਿਸਨੂੰ ਕਹਿੰਦੇ ਸੀ ਨ੍ਹੇਰੀ ਵਿੱਚ ਰੇਤੇ ਵੱਤ ਉਡ ਜਾਏਗਾ
ਉਸਨੇ ਗ਼ਮ ਦਾ ਇੱਕ-ਇੱਕ ਮੋਤੀ ਮਾਲਾ ਵਿੱਚ ਪਰੋਇਆ ਹੈ

ਲਹੂ ਦਾ ਗਾਰਾ, ਤਨ ਦੀ ਮਿੱਟੀ, ਲਾ ਕੇ ਕਦੇ ਬਣਾਇਆ ਸੀ
ਏਸ ਸ਼ਹਿਰ ਨੇ ਆਪਣਾ ਮੁਰਦਾ, ਅਪਣੇ ਸਿਰ ਤੇ ਢੋਇਆ ਹੈ

*(30.4.92)*

## 31

ਮਾਏਂ ਨੀ ਕੁਛ ਸਮਝ ਨਾ ਆਏ
ਕਿਸ ਖੁਸ਼ੀਆਂ ਦੇ ਦੀਪ ਬੁਝਾਏ

ਹਰ ਰੁੱਖ 'ਤੇ ਕੰਡੇ ਹੀ ਦਿਸਦੇ
ਕਿਸਨੇ ਪੱਤੇ, ਫੁੱਲ ਚੁਰਾਏ

ਸਭ ਨੂੰ ਆਖਣ ਸਾਡੀਆਂ ਪੈੜਾਂ
ਇਸ ਰਸਤੇ ਦੂਜਾ ਨਾ ਆਏ

ਅਸੀਂ ਤਾਂ ਹੱਥ ਦੁਆ ਲਈ ਚੁੱਕੇ
ਕਿਸਨੇ ਫਿਰ ਹਥਿਆਰ ਫੜਾਏ

ਜੰਗਲ ਘਰ ਵਿੱਚ ਉੱਗ ਆਇਆ
ਹੈ
ਕਿਉਂ ਕੋਈ ਬਾਹਰ ਭਟਕਣ ਜਾਏ

ਪੀੜ ਬਿਨਾ ਕੋਈ ਗੀਤ ਨਾ ਜੰਮੇ
ਕਲਮ ਹਾਦਸੇ ਮੰਗਦੀ ਜਾਏ

ਸੱਚ ਸੁਣਾਇਸੀ, ਸੱਚ ਕੀ ਬੇਲਾ
ਇਹ ਵੇਲਾ, ਹੱਥੋਂ ਨਾ ਜਾਏ

*(2.5.92)*

## 32

ਸਜਾ ਕੇ ਚਿਹਰਿਆਂ 'ਤੇ ਖੌਫ਼ ਜੋ ਛੁਪਿਆ ਦਿਲਾਂ ਅੰਦਰ
ਅਸੀਂ ਖਾਮੋਸ਼ ਹੀ ਰਹਿੰਦੇ ਹਾਂ ਅੱਜਕਲ ਮਹਿਫ਼ਲਾਂ ਅੰਦਰ

ਹੁਕਮ ਰਾਜੇ ਦਾ ਹੈ ਨ੍ਹੇਰਾ ਰਹੇਗਾ ਹੁਣ ਘਰਾਂ ਅੰਦਰ
ਜਲਾਏ ਜਾ ਰਹੇ ਨੇ ਦੀਪ ਸਾਰੇ ਮਕਤਲਾਂ ਅੰਦਰ

ਤਿਜਾਰਤ ਕਰ ਗਈ ਘਰ ਇਸ ਤਰ੍ਹਾਂ ਜੋ ਰਿਸ਼ਤਿਆਂ ਅੰਦਰ
ਰਹੇਗਾ ਫ਼ਰਕ ਨਾ ਕੋਈ, ਘਰਾਂ ਤੇ ਕੋਠਿਆਂ ਅੰਦਰ

ਬੜੀ ਉਮੀਦ ਤੇ ਬੂਹੇ ਘਰਾਂ ਦੇ ਖੋਲ੍ਹ ਕੇ ਰੱਖੇ
ਕਿਸੇ ਨਾ ਪੈਰ ਧਰਿਆ ਮੁੱਦਤਾਂ ਤੋਂ ਸਰਦਲਾਂ ਅੰਦਰ

ਹਿਫਾਜ਼ਤ ਕਰ ਨਹੀਂ ਸਕਦਾ, ਖ਼ੁਦਾ ਜੇ ਆਪਣੇ ਘਰ ਦੀ
ਕਿਵੇਂ ਜਾਏਗਾ ਕੋਈ ਮੰਦਰਾਂ ਤੇ ਮਸਜਿਦਾਂ ਅੰਦਰ

ਸੁਪਨ-ਪੰਛੀ ਸੁਨਹਿਰੇ ਪਿੰਜਰੇ ਬੰਦੀ ਰਹੇ ਕਦ ਤੱਕ
ਨਹੀਂ ਮਰਦੀ ਕਦੇ ਪਰਵਾਜ਼ ਦੀ ਇੱਛਾ ਪਰਾਂ ਅੰਦਰ

*(7.8.92)*

## 33

ਹਰ ਇੱਕ ਦਾ ਗ਼ਮ ਸਹਿੰਦੇ ਰਹੀਏ
ਆਪਣੇ ਦੁੱਖੜੇ ਕਿਸਨੂੰ ਕਹੀਏ

'ਕੱਲੇ ਬਹਿ ਕੇ ਰੋ ਲੈਂਦੇ ਹਾਂ
ਲੋਕਾਂ ਸਾਹਵੇਂ ਹੱਸਦੇ ਰਹੀਏ

ਐਸਾ ਕੋਈ ਲੱਭਦੇ ਰਹੀਏ
ਉਸਦੀ ਸੁਣੀਏ, ਆਪਣੀ ਕਹੀਏ

ਫ਼ੁਰਸਤ ਦੇ ਦੋ ਚਾਰ ਪਲੀਂ ਵੀ
ਅਪਣੇ ਦਿਲ ਦੀ ਸਾਰ ਨਾ ਲਈਏ

ਰੁੱਖਾਂ ਵਾਲੀ ਜੂਨ ਹੰਢਾਈਏ
ਛਾਵਾਂ ਵੰਡੀਏ, ਧੁੱਪਾਂ ਸਹੀਏ

*(10.10.92)*

## 34

ਜਾਪਦਾ ਤਾਂ ਹਾਸਿਆਂ ਦਾ ਸ਼ੋਰ ਸੀ
ਦਰ-ਹਕੀਕਤ ਮਾਜਰਾ ਕੁਛ ਹੋਰ ਸੀ

ਆਪਣੇ ਹੀ ਰੂਬਰੂ ਹੋਏ ਜਦੋਂ
ਆਈਨੇ ਵਿੱਚ ਦਿਸਿਆ ਕੋਈ ਹੋਰ ਸੀ

ਰੁਕਿਆ ਤਾਂਡਵ ਤਾਂ ਲੋਕਾਂ ਜਾਣਿਆਂ
ਹੱਥ ਬਿਗ਼ਾਨੇ, ਪੁਤਲੀਆਂ ਦੀ ਡੋਰ ਸੀ

ਵਿੱਚ ਨੈਣਾਂ ਦਰਦ ਦੀ ਇਕ ਟੀਸ ਸੀ
ਆਖਦੇ ਜਿਸਨੂੰ ਨਸ਼ੇ ਦੀ ਲੋਰ ਸੀ

ਪੈਰ ਜਿੱਥੇ ਪਹੁੰਚ ਕੇ ਦੇ ਗਏ ਜਵਾਬ
ਉਸ ਜਗ੍ਹਾ ਇੱਕ ਸੁਫ਼ਨਿਆਂ ਦੀ ਗ਼ੋਰ ਸੀ

*(5.5.93)*

## 35

ਲਾਸ਼ਾਂ ਦੀ ਸੜ੍ਹਿਆਂਦ 'ਚ ਰੁਲ ਗਈ ਜੀਵਨ ਦੀ ਖੁਸ਼ਬੋਈ
ਲੱਖਾਂ ਰਾਖ਼ ਦੇ ਢੇਰ ਫਰੋਲੇ, ਚਿਣਗ ਮਿਲੀ ਨਾ ਕੋਈ

ਕੁਛ ਰਿਸ਼ਤੇ ਬਸ ਨਾਂ ਦੇ ਹੁੰਦੇ, ਕੁਛ ਦਾ ਨਾਂ ਨਾ ਕੋਈ
ਜੋ ਦੁੱਖ ਵੇਲੇ ਸਾਥ ਨਿਭਾਵੇ, ਸੱਚਾ ਰਿਸ਼ਤਾ ਸੋਈ

ਲੱਖਾਂ ਸੂਰਜ ਚੜ੍ਹੇ ਤੇ ਚਮਕੇ, ਨ੍ਹੇਰਾ ਦੂਰ ਨਾ ਹੋਇਆ
ਜਿਹੜੀ ਰਿਸ਼ਮ ਨੇ ਸਾਥ ਨਿਭਾਇਆ, ਪਾਪ ਦੀ ਭਾਗਣ ਹੋਈ

ਆਸ ਦਾ ਤਿਣਕਾ-ਤਿਣਕਾ ਚੁਣ ਕੇ ਰੀਝਾਂ ਨਾਲ ਬਣਾਇਆ
ਸੁਪਨ-ਮਹਿਲ ਦੇ ਦਰਵਾਜ਼ੇ, ਮਹਿਮਾਨ ਨਾ ਢੁਕਿਆ ਕੋਈ

ਪਰ ਕੁਤਰੇ, ਪਿੰਜਰੇ ਵਿੱਚ ਪਾਇਆ, ਮੋਤੀ ਚੋਗ਼ ਚੁਗਾਏ
ਪਰ ਅੰਬਰੀਂ ਪਰਵਾਜ਼ ਭਰਨ ਦੀ, ਹਸਰਤ ਕਦੇ ਨਾ ਮੋਈ

*(12.11.93)*

## 36

ਕਦੇ ਦਿਲ ਨੇ ਖ਼ਤਾ ਖਾਧੀ, ਕਦੇ ਮਨ ਗ਼ਮਜ਼ਦਾ ਹੋਇਆ
ਜਦੋਂ ਵੀ ਫੁੱਲ ਖਿੜਨੇ ਸਨ, ਚਮਨ ਵਿੱਚ ਹਾਦਸਾ ਹੋਇਆ

ਜਲਾਇਆ ਚਾਂਦਨੀ ਨੇ, ਮਹਿਕ ਨੇ ਦਮ ਘੁੱਟਿਆ ਸਾਡਾ
ਅਜੇਹਾ ਤਾਂ ਨਹੀਂ ਹੁੰਦਾ, ਅਜੇਹਾ ਪਰ ਸਦਾ ਹੋਇਆ

ਬਿਨਾ ਆਵਾਜ਼ ਮਨ ਦੇ ਅੰਦਰੋਂ ਕੁਛ ਤਿੜਕਿਆ ਯਾਰੋ
ਕੋਈ ਮਿੱਤਰ ਪਿਆਰਾ ਜਦ ਕਦੇ ਵੀ ਪਾਰਸਾ ਹੋਇਆ

ਸੋਟਾ ਮਾਰਿਆਂ, ਪਾਣੀ ਕਿਵੇਂ ਦੋ ਹੋ ਨਹੀਂ ਸਕਦੇ
ਅਸੀਂ ਖ਼ੁਦ ਦੇਖਿਆ ਹੈ ਮਾਸ ਨਹੁੰਆਂ ਤੋਂ ਜੁਦਾ ਹੋਇਆ

ਅਸੀਂ ਪਰਵਾਜ਼ ਦੀ ਉਮਰੇ, ਬੜੇ ਹੀ ਖ਼ਾਬ ਸਿਰਜੇ ਸਨ
ਹਕੀਕਤ ਸਾਮ੍ਹਣੇ ਆਈ ਜਾਂ ਹਰ ਬੰਦਾ ਖ਼ੁਦਾ ਹੋਇਆ

ਵਪਾਰੀ ਜ਼ਹਿਰ ਦੇ ਤਾਂ ਜਾ ਛੁਪੇ ਰੱਬ ਦੇ ਘਰਾਂ ਅੰਦਰ
ਕੋਈ ਸਾਜ਼ਿਸ਼ ਸੀ ਜੋ ਬਦਨਾਮ ਐਵੇਂ ਘਰ ਮਿਰਾ ਹੋਇਆ

*(29. 12. 93)*

## 37

ਰਸਤਿਆਂ ਤੇ ਧੂੜ ਉਡਦੀ ਹੀ ਰਹੀ
ਭੀੜ ਤਮਾਸ਼ਾਈਆਂ ਦੀ ਜੁੜਦੀ ਹੀ ਰਹੀ

ਜੋ ਵੀ ਨੇਕੀ ਸਮਝ ਕੇ ਕੀਤੀ ਕਦੇ
ਬਣ ਹਿਮਾਕਤ ਦਿਲ ਦੀ, ਮੁੜਦੀ ਹੀ ਰਹੀ

ਫੈਲਦਾ ਹੀ ਗਿਆ ਮਾਯੂਸੀ ਦਾ ਮਹੌਲ
ਇੱਕ ਤਮੰਨਾ ਪਰ ਸੁੰਗੜਦੀ ਹੀ ਰਹੀ

ਬਹੁਤ ਉੱਚੀ ਸੀ ਉਡਾਰੀ ਖ਼ਿਆਲ ਦੀ
ਤਾਬੀਰ ਖ਼ਾਬਾਂ ਦੀ ਵਿਗੜਦੀ ਹੀ ਰਹੀ

ਕੋਈ ਖੁਸ਼ੀ ਬੇਸ਼ੱਕ ਨਾ ਮਾਣੀ ਅਸਾਂ
ਗ਼ਮ ਦੀ ਰੇਖਾ ਤਾਂ ਉੱਘੜਦੀ ਹੀ ਰਹੀ

ਰੁੱਖ ਬਣੇ, ਛਾਵਾਂ ਨਿਛਾਵਰ ਕੀਤੀਆਂ
ਆਪਣੀ ਹਰ ਸ਼ਾਖ ਸੜਦੀ ਹੀ ਰਹੀ

*(16.2.94)*

## 38

ਅਪਣੀ ਛਾਂ ਵਿੱਚ ਆ ਕੇ ਰੋਏ
ਸੁਫ਼ਨੇ ਨੂੰ ਗਲ ਲਾ ਕੇ ਰੋਏ

ਦੁਨੀਆਂ ਦੇ ਗ਼ਮ ਪਾ ਕੇ ਰੋਏ
ਅਪਣੇ ਦਰਦ ਭੁਲਾ ਕੇ ਰੋਏ

ਦਰਪਣ ਸਾਹਵੇਂ ਠਹਿਰ ਸਕੇ ਨਾ
ਅਪਣਾ-ਆਪ ਛੁਪਾ ਕੇ ਰੋਏ

ਘਰ ਅੰਦਰ ਵੀ ਸਹਿਜ ਨਾ ਹੋਏ
ਜੰਗਲ ਵਿੱਚ ਵੀ ਆ ਕੇ ਰੋਏ

ਜੋ ਰੁੱਖ ਮੌਲਣ ਰੁੱਤੇ ਸੁੱਕਿਆ
ਉਹ ਕਿਸ ਅੱਗੇ ਜਾ ਕੇ ਰੋਏ

ਹਰ ਦਰ ਤੋਂ ਜਦ ਠੋਕਰ ਖਾਧੀ
ਇੱਕੋ ਦਰ ਤੇ ਆ ਕੇ ਰੋਏ

ਦੱਸ ਗਏ ਅੱਖਾਂ ਦੇ ਕੋਏ
ਅਸੀਂ ਤਾਂ ਬਹੁਤ ਛੁਪਾ ਕੇ ਰੋਏ

*(2.3.94)*

## 39

ਅੱਗ ਦੀ ਰੁੱਤੇ ਮੈਂ ਤੁਰ ਜਾਣਾ
ਸਾਰਾ ਸੇਕ ਨਾਲ ਲੈ ਜਾਣਾ

ਮੈਂ ਰਾਹਾਂ ਦੀ ਧੂੜ ਚੋਂ ਉੱਗਿਆ
ਧੂੜਾਂ ਵਿੱਚ ਓਝਲ ਹੋ-ਜਾਣਾ

ਰਾਤ ਤਾਂ ਆਖ਼ਰ ਰਾਤ ਹੀ ਹੁੰਦੀ
ਲੱਖ ਟਿਮਕੇ ਜੁਗਨੂੰ ਮਰ-ਜਾਣਾ

ਫੁੱਲ ਆਖ਼ਰ ਮੁਰਝਾ ਹੀ ਜਾਂਦੇ
ਦੁਨੀਆਂ ਦਾ ਦਸਤੂਰ ਪੁਰਾਣਾ

ਬੁਝ ਜਾਏਗੀ ਦਿਲ ਦੀ ਜੋਤੀ
ਨ੍ਹੇਰੇ ਨੇ ਚਾਨਣ ਖਾ ਜਾਣਾ

ਵਸਦੇ ਘਰ ਹੀ ਰੌਸ਼ਨ ਹੁੰਦੇ
ਕਿਸਨੇ ਖੰਡਰੀਂ ਦੀਪ ਜਗਾਣਾ

ਇੱਕੋ ਦਰ ਤੋਂ ਆਸ ਹੈ ਬਾਕੀ
ਜਿੱਥੇ ਐਨ-ਲ-ਹੱਕ ਅਲ੍ਹਾਣਾ

*(28.3.94)*

## 40

ਸਿਖ਼ਰ ਦੁਪਹਿਰੇ ਹੀ ਢਲ ਜਾਂਦਾ ਹੈ ਜਿਸਦਾ ਪਰਛਾਵਾਂ
ਕੌਣ  ਮੁਸਾਫ਼ਿਰ ਬਹਿ ਕੇ ਮਾਣੇ ਐਸੇ ਰੁੱਖ ਦੀਆਂ ਛਾਵਾਂ

ਦੁੱਧੋਂ ਤੋੜ ਕੇ ਕਿਸ ਚੰਦਰੇ ਦਿਨ, ਪੁੱਤ ਪਰਦੇਸੀਂ ਭੇਜੇ
ਅਜੇ ਤੀਕ ਵੀ ਦਹਿਲੀਜ਼ਾਂ 'ਤੇ ਬੈਠ ਉਡੀਕਣ ਮਾਵਾਂ

ਗੁਜ਼ਰੇ ਸਨ ਅਣਗਿਣਤ ਕਾਫ਼ਲੇ, ਜੋ ਆਸਾਂ ਦੀ ਰੁੱਤੇ
ਕਦਮਾਂ ਦੇ ਸਭ ਚਿੰਨ੍ਹ ਤੀਕਰ ਵੀ ਨਿਗਲ ਚੁੱਕੀਆਂ ਰਾਹਵਾਂ

ਪੁਰਾ, ਪਹਾੜ ਜਾਂ ਪੱਛੋਂ-ਦੱਖਣ, ਫਰਕ ਨਾ ਕੋਈ ਦਿੱਸੇ
ਚੌਂਹ ਕੂਟਾਂ ਤੋਂ ਅੱਜ ਕਲ ਇੱਥੇ ਚੱਲਣ ਗਰਮ ਹਵਾਵਾਂ

ਗ਼ੈਰਾਂ ਦੇ ਸਿਰ ਦੂਸ਼ਣ ਕੋਈ ਐਵੇਂ ਕਾਹਨੂੰ ਧਰੀਏ
ਅਪਣੇ ਧੜ ਤੋਂ ਟੁੱਟੀਆਂ ਨੇ ਜਦ ਆਪਣੀਆਂ ਹੀ ਬਾਹਵਾਂ

ਕੁਛ ਯਾਦਾਂ ਤੇ ਕੁਛ ਸੁਫ਼ਨੇ ਨੇ, ਕੁਛ ਭਟਕਣ ਹੈ ਪੱਲੇ
ਅੱਜ ਕਲ ਸਾਨੂੰ ਯਾਦ ਨਹੀਂ ਹੈ ਆਪਣਾ ਹੀ ਸਿਰਨਾਵਾਂ

ਨਾਂ ਤੀਰਾਂ ਨੇ ਸਾਥ ਨਿਭਾਇਆ, ਨਾ ਬੱਕੀ ਕੰਮ ਆਈ
ਹਰ ਯੁੱਗ ਅੰਦਰ ਮਰਿਆ ਯਾਰੋ ਮਿਰਜ਼ਾ ਬਾਝ ਭਰਾਵਾਂ

*(30.4.94)*

## 41

ਜ਼ਿੰਦਗ਼ਾਨੀ ਤਾਂ ਬਹੁਤ ਲੰਮੇਰੀ ਹੁੰਦੀ ਹੈ
ਸੁਫ਼ਨੇ ਜਿੰਨੀ ਉਮਰ ਬਥੇਰੀ ਹੁੰਦੀ ਹੈ

ਉਹ ਮਿਲਦੇ ਨੇ ਅੱਜਕਲ ਏਨੇ ਚਿਰ ਪਿੱਛੋਂ
ਜਿਉਂ ਰਮਤੇ ਜੋਗੀ ਦੀ ਫ਼ੇਰੀ ਹੁੰਦੀ ਹੈ

ਚੰਨ-ਤਾਰੇ ਤਾਂ ਅਪਣੀ ਥਾਂ ਨੇ, ਸਾਡੇ ਲਈ
ਉਸ ਬਾਝੋਂ ਹਰ ਰਾਤ ਹਨੇਰੀ ਹੁੰਦੀ ਹੈ

ਮਰ ਕੇ ਹੀ ਉਹ ਸ਼ਖ਼ਸ ਮਸੀਹਾ ਬਣਦਾ ਹੈ
ਜਿਸਦੀ ਹਰ ਗੱਲ ਚਾਲੀ ਸੇਰੀ ਹੁੰਦੀ ਹੈ

ਹਰ ਹਰ ਕੇ ਹੀ ਜਿੱਤ ਦੇ ਨੇੜੇ ਪਹੁੰਚੀਦਾ
ਡਿਗ ਡਿਗ ਕੇ ਹੀ ਜਿੰਦ ਪਕੇਰੀ ਹੁੰਦੀ ਹੈ

ਕਿਸਮਤ ਨੇ ਤਾਂ ਅਕਸਰ ਦਸਤਕ ਦਿੱਤੀ ਹੈ
ਦਰ ਹੀ ਖੋਲ੍ਹਣ ਵਿੱਚ ਬਸ ਦੇਰੀ ਹੁੰਦੀ ਹੈ

*(4. 7. 94)*

## 42

ਅਸੀਂ ਏਸੇ ਲਈ ਸਾਗਰ ਦੇ ਕੰਢੇ ਘਰ ਬਣਾਇਆ ਹੈ
ਜਿਦ੍ਹੇ ਵਿੱਚ ਜਾਨ ਵਸਦੀ ਹੈ, ਉਹ ਮੋਤੀ ਹੱਥ ਆਇਆ ਹੈ

ਕਦੇ ਸੁਫ਼ਨਾ, ਕਦੇ ਖੁਸ਼ਬੂ, ਕਦੇ ਸ਼ੋਖ਼ੀ ਹਵਾਵਾਂ ਦੀ
ਹਜ਼ਾਰਾਂ ਰੂਪ ਲੈ ਕੇ ਉਹ ਮਿਰੇ ਜੀਵਨ 'ਚ ਆਇਆ ਹੈ

ਇਹ ਭਗਤੀ ਸਾਫ਼ ਦਿਲ ਦੀ ਸੀ ਹੋਇਆ ਪੱਥਰ ਚੋਂ ਰੱਬ ਪੈਦਾ
ਲਗਨ ਨੇ ਬੰਜਰਾਂ-ਕੱਲਰਾਂ 'ਚ ਸੂਹਾ ਫੁੱਲ ਖਿੜਾਇਆ ਹੈ

ਰੇਤੀਲੇ ਬੰਨ੍ਹ ਲਾ ਕੇ ਰੋਕਦੇ ਕਿੰਝ ਵਹਿਣ ਨਦੀਆਂ ਦੇ
ਹਜ਼ਾਰਾਂ ਪਰਬਤਾਂ ਵਿੱਚੀਂ ਜਿਨ੍ਹਾਂ ਰਸਤਾ ਬਣਾਇਆ ਹੈ

ਨਹੀਂ ਮੌਸਮ ਦਾ ਜਾਦੂ, ਇਹ ਤਿਰੀ ਛੋਹ ਦਾ ਕਰਿਸ਼ਮਾ ਹੈ
ਕਿ ਰੁੱਖ ਜੋ ਸੁੱਕ ਚੁੱਕਾ ਸੀ, ਉਹ ਫਿਰ ਮੌਲਣ 'ਤੇ ਆਇਆ ਹੈ

*(22.10.94)*

## 43

ਜਾਣ ਵਾਲਾ ਮੁੜ ਕਦੇ ਆਇਆ ਨਾ ਸੀ
ਬਿਰਹੜਾ ਵੀ ਤਾਂ ਕਿਸੇ ਗਾਇਆ ਨਾ ਸੀ

ਧੁੱਪ ਨੂੰ ਇਲਜ਼ਾਮ ਦੇਂਦੇ ਕਿਸ ਤਰ੍ਹਾਂ
ਆਪਣੀ ਤਕਦੀਰ ਵਿੱਚ ਸਾਇਆ ਨਾ ਸੀ

ਅਪਣੇ ਕਾਤਲ ਨੂੰ ਮਸੀਹਾ ਮੰਨਿਆ
ਭੇਤ ਜਦ ਤਕ ਓਸਦਾ ਪਾਇਆ ਨਾ ਸੀ

ਖ਼ਾਬ ਸੌਂਪੇ ਜਿਸਨੂੰ ਮਹਿਰਮ ਜਾਣ ਕੇ
ਉਹ ਜ਼ਿਬ੍ਹਾ ਕਰਕੇ ਵੀ ਪਛਤਾਇਆ ਨਾ ਸੀ

ਕੁਛ ਅੰਞਾਣੇ ਖ਼ਾਬ ਸਨ, ਇੱਕ ਜਾਨ ਸੀ
ਅਪਣੇ ਪੱਲੇ ਹੋਰ ਸਰਮਾਇਆ ਨਾ ਸੀ

ਜਿਸ ਵਰੇਸੇ ਸੀਸ ਤਲੀਆਂ ਤੇ ਧਰੇ
ਹਾਦਸਾ ਦਰ ਤੇ ਕੋਈ ਆਇਆ ਨਾ ਸੀ

*(22.11.94)*

## 44

ਇੱਕੋ ਬੂੰਦ ਪਪੀਹੇ ਦੇ ਮੂੰਹ ਆਉਂਦੀ ਹੈ
ਉਹੀਓ ਲੇਕਿਨ ਉਸਦੀ ਪਿਆਸ ਬੁਝਾਉਂਦੀ ਹੈ

ਹਵਾ ਦੀਆਂ ਵੀ ਬਿੜਕਾਂ ਲੈਂਦੇ ਰਹਿੰਦੇ ਹਾਂ
ਜਦ ਵੀ ਕੋਈ ਘੜੀ ਵਸਲ ਦੀ ਆਉਂਦੀ ਹੈ

ਚੰਦਰਮਾ ਨੂੰ ਉੱਠ ਕੇ ਸਿਜਦਾ ਕਰ ਦਿੱਤਾ
ਰਾਤੀਂ ਜਦ ਵੀ ਯਾਦ ਕੋਈ ਤੜਫਾਉਂਦੀ ਹੈ

ਇੱਕੋ ਚਿਹਰਾ ਮੁੜ ਮੁੜ ਚੇਤੇ ਆਉਂਦਾ ਹੈ
ਜ਼ਿੰਦਗੀ ਜਦ ਵੀ ਉਲਝਣ ਦੇ ਵਿੱਚ ਪਾਉਂਦੀ ਹੈ

ਜਿੱਧਰ ਦੀ ਉਹ ਹੱਸਦੇ ਹੱਸਦੇ ਗੁਜ਼ਰੇ ਸਨ
ਅਜੇ ਤੀਕ ਰਾਹਵਾਂ ਚੋਂ ਖੁਸ਼ਬੂ ਆਉਂਦੀ ਹੈ

*(10.12.94)*

## 45

ਛੱਡਿਆ ਸੀ ਪਿੰਡ ਜੋ, ਆਬਾਦ ਹੈ
ਰਸਤਿਆਂ ਦੀ ਧੂੜ ਤੱਕ ਵੀ ਸ਼ਾਦ ਹੈ

ਅੱਖਾਂ ਵਿੱਚ ਕਲਚਰ ਦਾ ਕੰਕਰ ਪੈ ਗਿਆ
ਦਿਲ ਵਿੱਚ ਟੁੱਟੇ ਰਿਸ਼ਤਿਆਂ ਦੀ ਯਾਦ ਹੈ

ਪੱਥਰਾਂ ਵਿੱਚ ਰਹਿ ਕੇ ਪੱਥਰ ਹੋ ਗਏ
ਨਾਹ ਹੀ ਕੋਈ ਦਾਦ, ਨਾ ਫ਼ਰਿਆਦ ਹੈ

ਝੁਕ ਕੇ ਚੱਲਣਾ ਤਾਂ ਹੁਣ ਆਦਤ ਹੋ ਗਈ
ਵੈਸੇ ਏਥੇ ਹਰ ਕੋਈ ਆਜ਼ਾਦ ਹੈ

ਹਰ ਕੋਈ ਅਪਣੀ ਸੀਮਾ ਅੰਦਰ ਬਿੱਖਰਿਆ
ਘਰ ਦੇ ਅੰਦਰ ਰਹਿੰਦਾ ਵੀ ਬਰਬਾਦ ਹੈ

ਚਲਦੀ-ਫਿਰਦੀ ਲਾਸ਼ ਹੈ ਹਰ ਆਦਮੀ
ਉਂਝ ਤਾਂ ਇਹ ਸ਼ਹਿਰ ਵੀ ਆਬਾਦ ਹੈ

*(11.12.94)*

## 46

ਰਾਤ ਆਖ਼ਰ ਰਾਤ ਹੈ, ਗੁਜ਼ਰ ਹੀ ਜਾਏਗੀ
ਲਾਲੀ ਸੁਬ੍ਹਾ ਦੀ ਫੇਰ ਤੋਂ ਮੁੱਖੜਾ ਦਿਖਾਏਗੀ

ਦਿਲ ਵੀ ਨਾ ਗਮਜ਼ਦਾ ਤੇ ਨਾ ਅੱਖਾਂ 'ਚ ਨੀਰ ਹੈ
ਐਸੀ ਵੀਰਾਨ ਸ਼ਾਮ ਕਿਸਨੂੰ ਰਾਸ ਆਏਗੀ

ਆਸਾਂ ਦੇ ਕੈਨਵਸ ਤੇ ਜੋ ਚਿੱਤਰੇ ਨੇ ਉਮਰ ਭਰ
ਜ਼ਿੰਦਗੀ ਕਦੇ ਤਾਂ ਸੁਫ਼ਨਿਆਂ ਦੀ ਬਾਤ ਪਾਏਗੀ

ਆਬਾਦ ਹਾਂ, ਬਰਬਾਦ ਹਾਂ, ਜੈਸਾ ਹਾਂ ਸ਼ਾਦ ਹਾਂ
ਇਹ ਚਾਰ ਦਿਨ ਦੀ ਜ਼ਿੰਦਗੀ ਕਿੰਨਾ ਰੁਆਏਗੀ

ਉੱਗਾਂਗਾ ਬਣ ਕੇ ਫੁੱਲ ਤਮਾਮ ਰਸਤਿਆਂ 'ਤੇ ਮੈਂ
ਗੁਜ਼ਰੋਗੇ ਜਿੱਧਰੋਂ ਵੀ, ਖੁਸ਼ਬੂ ਤਾਂ ਆਏਗੀ

*(29. 12. 94)*

## 47

ਕਿਸੇ ਦੀ ਬੇ-ਰੁਖ਼ੀ ਨੂੰ ਇਸ ਤਰ੍ਹਾਂ ਦਿਲ ਤੇ ਨਹੀਂ ਲਾਉਂਦੇ
ਕਦੇ ਉੱਜੜੇ ਘਰਾਂ ਦੇ ਦਰਾਂ 'ਤੇ ਮਹਿਮਾਨ ਨਹੀਂ ਆਉਂਦੇ

ਦਿਲਾਂ ਦੇ ਵਲਵਲੇ ਦਿਲਬਰ ਦੇ ਅੱਗੇ ਹੀ ਕਹੇ ਜਾਂਦੇ
ਇਕੱਲੇ ਰੁੱਖ 'ਤੇ ਬਹਿ ਕੇ ਤਾਂ ਪੰਛੀ ਵੀ ਨਹੀਂ ਗਾਉਂਦੇ

ਜੋ ਹਰ ਸ਼ੈ ਨੂੰ ਨਫ਼ੇ ਨੁਕਸਾਨ ਦੇ ਪੱਖ ਤੋਂ ਪਰਖਦੇ ਨੇ
ਅਜੇਹੇ ਸ਼ਖਸ ਹਰਗਿਜ਼ ਇਸ਼ਕ ਦੀ ਬਾਜ਼ੀ ਨਹੀਂ ਲਾਉਂਦੇ

ਕੋਈ ਅੰਦਰ ਤਾਂ ਆਵੇ, ਚੋਰ ਡਾਕੂ ਹੀ ਬੇਸ਼ੱਕ ਹੋਵੇ
ਅਸੀਂ ਏਸੇ ਲਈ ਦਰ ਨੂੰ ਕਦੇ ਕੁੰਡਾ ਨਹੀਂ ਲਾਉਂਦੇ

ਇਹਨਾਂ ਦਾ ਸਾਥ ਜਿੰਨਾ ਹੋ ਸਕੇ ਹੱਸ ਕੇ ਨਿਭਾ ਲਈਏ
ਮੁਸਾਫ਼ਿਰ, ਵਕਤ ਤੇ ਪਾਣੀ ਕਦੇ ਮੁੜ ਕੇ ਨਹੀਂ ਆਉਂਦੇ

*(6. 1. 95)*

## 48

ਸਭ ਤੋਂ ਚੰਗਾ ਘਰ ਬਹਿਣਾ ਸਭ ਕੁਛ ਭੁਲਾ ਕੇ
ਦੇਖ ਲਿਆ ਹੈ ਜੰਗਲ ਵਿੱਚ ਵੀ ਘੁੰਮ-ਘੁਮਾ ਕੇ

ਸਕੇ-ਸੰਬੰਧੀ, ਰਿਸ਼ਤੇ ਨਾਤੇ ਸਭ ਮਤਲਬ ਦੇ
ਰਹਿੰਦਾ ਕੀ ਹੁਣ ਬਾਕੀ ਦੇਖਣ ਨੂੰ ਅਜ਼ਮਾ ਕੇ

ਜਦ ਅਪਣੇ ਸੁਫ਼ਨੇ ਦੇ ਨੈਣੀਂ ਅੱਥਰੂ ਤੱਕੇ
ਮੁੱਖ ਛੁਪਾ ਕੇ ਰੋਏ, ਉਸਨੂੰ ਚੁੱਪ ਕਰਾ ਕੇ

ਉਹ ਰੁੱਖ ਹਾਂ ਜਿਸ ਥੱਲੇ ਆ ਕੇ ਹਰ ਕੋਈ ਰੋਏ
ਅਪਣੇ ਦਿਲ ਦੇ ਦੁੱਖੜੇ ਕਿਸਨੂੰ ਦੱਸੀਏ ਜਾ ਕੇ

ਇੱਕੋ ਛਾਲ 'ਚ ਕਿੰਝ ਪਹੁੰਚੇਗਾ ਉਹ ਚੋਟੀ 'ਤੇ
ਜਿਸ ਨੇ ਹਰ ਇੱਕ ਮੰਜ਼ਿਲ ਪਾਈ ਪੁੱਛ-ਪੁਛਾ ਕੇ

ਦਿਲ ਦੇ ਅੰਦਰ ਫਿਰ ਉੱਡਣ ਦੀ ਹਸਰਤ ਜਾਗੀ
ਅਸੀਂ ਤਾਂ ਚੁੱਪ ਕਰ ਬੈਠ ਗਏ ਸਾਂ ਖੰਭ ਕਟਾ ਕੇ

*(9. 1. 95)*

## 49

ਸੱਚ ਤਾਂ ਹਰ ਮੋੜ 'ਤੇ ਛਲਦੇ ਰਹੇ
ਸੁਫ਼ਨਿਆਂ ਦੀ ਪੈੜ 'ਤੇ ਚਲਦੇ ਰਹੇ

ਸਾਥ ਫੁੱਲਾਂ ਦਾ ਨਿਭਾਵਣ ਵਾਸਤੇ
ਕੰਡਿਆਂ ਦੀ ਪੀੜ ਵੀ ਝੱਲਦੇ ਰਹੇ

ਕਰਜ਼ ਰਾਤਾਂ ਦਾ ਉਤਾਰਨ ਦੇ ਲਈ
ਜਿਸਮ ਸਿਵਿਆਂ ਵਾਂਗਰਾਂ ਜਲਦੇ ਰਹੇ

ਜੀਅ ਲਿਆ ਖ਼ਾਨਾ-ਬਦੋਸ਼ਾਂ ਦੀ ਤਰ੍ਹਾਂ
ਘਰ ਸੁਨੇਹੇ ਸੁੱਖ ਦੇ ਘਲਦੇ ਰਹੇ

ਨ੍ਹੇਰਿਆਂ ਤੋਂ ਖ਼ੌਫ਼ ਕਿਉਂ ਖਾਂਦੇ ਭਲਾ
ਜੋ ਚਿਰਾਗ਼ਾਂ ਦੀ ਤਰ੍ਹਾਂ ਬਲਦੇ ਰਹੇ

*(12. 1. 95)*

## 50

ਹੋਰ ਗਹਿਰਾ ਸੰਨਾਟਾ ਖੰਡਰਾਂ 'ਤੇ ਛਾਏਗਾ
ਵਸਦੇ ਘਰਾਂ ਤੋਂ ਕਿਉਂ ਕੋਈ ਏਧਰ ਨੂੰ ਆਏਗਾ

ਧਰਤੀ ਦਾ ਰਾਜਾ ਬਣ ਗਿਆ ਜੋ ਸਭ ਨੂੰ ਮਾਰ ਕੇ
ਅਪਣੀ ਫਤਹਿ ਦੀ ਦਾਸਤਾਂ ਕਿਸਨੂੰ ਸੁਣਾਏਗਾ

ਘਰ ਤੋਂ ਨਿਰਾਸ਼ ਆਦਮੀ ਜੰਗਲ ਨੂੰ ਤੁਰ ਗਿਆ
ਜੰਗਲ ਤੋਂ ਭਟਕਣ ਜੋ ਮਿਲੀ, ਕਿੱਥੇ ਲਿਜਾਏਗਾ

ਕਿੰਨੇ ਘਰਾਂ ਨੂੰ ਸਾੜਿਆ ਨਫ਼ਰਤ ਦੀ ਲਾਟ ਨੇ
ਕਿਹੜੀ ਨਦੀ ਦਾ ਨੀਰ ਇਹ ਅਗਨੀ ਬੁਝਾਏਗਾ

ਥਾਂ ਜੋ ਖਾਲੀ ਕਰ ਗਿਆ, ਕਰਕੇ 'ਤਰੱਕੀ' ਆਦਮੀ
ਉਸ ਜਗ੍ਹਾ ਤੇ ਹੁਣ ਖ਼ੁਦਾ ਕਿਸਨੂੰ ਬਿਠਾਏਗਾ

*(10.2.95)*

## 51

ਅਜੇ ਮੁੱਕੀ ਨਾ ਉਡੀਕ, ਸ਼ਾਮ ਕਦੋਂ ਦੀ ਪਈ
ਕੋਈ ਆਇਆ ਨਾ ਦਰਾਂ 'ਤੇ ਉੱਤੋਂ ਅੱਖ ਲੱਗ ਗਈ

ਕੋਈ ਜੰਗਲਾਂ ਦੇ ਫੁੱਲਾਂ ਨੂੰ ਨਾ ਘਰਾਂ 'ਚ ਉਗਾਉਂਦਾ
ਡਾਚੀ ਛੱਡੇ ਨਾ ਥਲਾਂ ਨੂੰ ਕਦੇ ਸਾਗਰਾਂ ਲਈ

ਘਰ ਸਾਡਾ ਰਿਹਾ ਰਾਹੀਆਂ ਲਈ ਰੈਣ-ਬਸੇਰਾ
ਕੋਈ ਵਸਿਆ ਨਾ ਏਥੇ, ਰੁਕੇ ਕਾਫ਼ਲੇ ਕਈ

ਜਾਣ ਵਾਲਿਆਂ ਨੇ ਪਿੱਛੇ ਮੁੜ ਦੇਖਿਆ ਨਾ ਕਦੇ
ਉੱਡੀ ਰਾਹਾਂ ਚੋਂ ਜੋ ਧੂੜ, ਕਿਹਦੇ ਨੈਣਾਂ 'ਚ ਪਈ

ਲੰਘ ਚੱਲੀ ਏ ਦੁਪਹਿਰ ਸਾਰੀ ਧੁੱਪੇ ਹੀ ਖਲੋਤੇ
ਕੀਤੀ ਕਿਸੇ ਵੀ ਨਾ ਛਾਂ, ਆਏ ਬੱਦਲ ਕਈ

ਅਸੀਂ ਆਪਣੇ ਹੀ ਸੰਗ ਸੱਭੇ ਰੁੱਤਾਂ ਨੇ ਬਿਤਾਈਆਂ
ਕੋਈ ਬੋਲਿਆ ਨਾ ਕਾਂ, ਕੋਇਲਾਂ ਕੂਕੀਆਂ ਕਈ

*(1.3.95)*

## 52

ਹਰ ਗੱਲ ਦੱਸੀ ਜਾਏ ਨਾ ਇਸ਼ਾਰਿਆਂ ਦੇ ਨਾਲ
ਰਾਤੀਂ ਬਹਿ ਕੇ ਦੁੱਖ ਫੋਲ ਲਈਏ ਤਾਰਿਆਂ ਦੇ ਨਾਲ

ਹੋਏ ਕੱਖਾਂ ਤੋਂ ਵੀ ਹੌਲੇ, ਰਹਿ ਕੇ ਅਸੀਂ ਦੂਰ ਦੂਰ
ਜਦੋਂ ਮਿਲੇ ਅਸੀਂ ਮਿਲੇ ਦਿਲਾਂ ਭਾਰਿਆਂ ਦੇ ਨਾਲ

ਇੱਕੋ ਦੀਦ ਦੀ ਪਿਆਸ, ਧੁਰੋਂ ਲੈ ਕੇ ਅਸੀਂ ਆਏ
ਸਾਡਾ ਵਾਸਤਾ ਕੀ ਹੋਰਨਾਂ ਨਜ਼ਾਰਿਆਂ ਦੇ ਨਾਲ

ਅਸੀਂ ਆਪ ਹੀ ਕਿਨਾਰਿਆਂ ਤੋਂ ਰਹੇ ਦੂਰ ਦੂਰ
ਕਾਹਦਾ ਰੋਸਾ ਮਾਂਝੀ, ਬੇੜੀ, ਚੱਪੂ, ਧਾਰਿਆਂ ਦੇ ਨਾਲ

ਏਨੀ ਲੰਮੀ ਅਉਧ ਵਿੱਚੋਂ, ਜ਼ਿੰਦਾ ਰਹਿਣੇ ਉਹੀਓ ਪਲ
ਜਿਹੜੇ ਸਾਂਝੇ ਕੀਤੇ ਸੱਜਣਾਂ ਪਿਆਰਿਆਂ ਦੇ ਨਾਲ

*(10.3.95)*

## 53

ਖ਼ਤਮ ਹੋਵੇਗੀ ਉਦਾਸੀ ਦੀ ਸਜ਼ਾ
ਦੇ ਰਿਹਾ ਦਸਤਕ ਦਰਾਂ 'ਤੇ ਹਾਦਸਾ

ਕੀ ਭਲਾ ਕਰਨਾ ਨਸੀਬਾਂ 'ਤੇ ਗਿਲਾ
ਰਾਸ ਆਈ, ਉਸਨੂੰ ਮੇਰੀ ਹਰ ਖ਼ਤਾ

ਜਿਉਂ ਕੋਈ ਫਾਈਲ ਫਿਰੇ ਵਿੱਚ ਦਫ਼ਤਰੀਂ
ਲੰਘਿਆ ਇੰਝ ਜ਼ਿੰਦਗੀ ਦਾ ਹਰ ਪੜਾਅ

ਸੂਲਾਂ ਬਣ ਉੱਗੇ ਬਿਸ਼ੱਕ ਰਾਹਾਂ 'ਚ ਲੋਕ
ਤੈਅ ਤਾਂ ਕਰਨਾ ਹੈ ਮਗਰ ਇਹ ਫ਼ਾਸਲਾ

ਰੁੱਖ ਹਾਂ, ਮੈਂ ਹਮਸਫ਼ਰ ਕਿਸਦਾ ਬਣਾਂ
ਛਾਂ ਮਿਰੀ ਹਾਜ਼ਰ ਹੈ ਸਭਨਾਂ ਲਈ ਸਦਾ

ਹੁਣ ਨਾ ਕੋਈ ਕਸਮ ਪਾਓ ਰੁਕਣ ਦੀ
ਦੇਖਿਆ ਰੱਖ ਕੇ ਬਥੇਰਾ ਜ਼ਾਬਤਾ

*(18.6.95)*

## 54

ਨੀਂਦ ਨਾ ਇੱਕ ਪਲ ਵੀ ਜਿਸਨੂੰ ਆਏਗੀ
ਰਾਤ ਉਸਦੀ ਵੀ ਗੁਜ਼ਰ ਹੀ ਜਾਏਗੀ

ਜੇ ਨਾ ਹਾਰੇ ਨਾ-ਖ਼ੁਦਾ ਹਿੰਮਤ ਕਦੇ
ਇੱਕ ਨਾ ਇੱਕ ਕਿਸ਼ਤੀ ਤਾਂ ਤਰ ਹੀ ਜਾਏਗੀ

ਭਟਕਦੀ ਹੈ ਜੋ ਤਮੰਨਾ ਜੰਗਲੀਂ
ਪਰਤ ਕੇ ਇੱਕ ਦਿਨ ਤਾਂ ਘਰ ਹੀ ਆਏਗੀ

ਜ਼ਿੰਦਗੀ ਦਾ ਚਾਅ ਜੇ ਉੱਕਾ ਮਰ ਗਿਆ
ਜੀਊਣ ਦੀ ਇੱਛਾ ਵੀ ਮਰ ਹੀ ਜਾਏਗੀ

ਜਾਣਦਾ ਹਰ ਰਿੰਦ ਇਹ ਚੰਗੀ ਤਰ੍ਹਾਂ
ਜ਼ਹਿਰ ਅਪਣਾ ਕੰਮ ਤਾਂ ਕਰ ਹੀ ਜਾਏਗੀ

ਅੱਜ ਰੱਖਦੇ ਨੇ ਜੋ ਨਫ਼ਰਤ ਦੀ ਨਜ਼ਰ
ਅੱਖ ਉਨ੍ਹਾਂ ਦੀ ਵੀ ਤਾਂ ਭਰ ਹੀ ਆਏਗੀ

*(18.6.95)*

## 55

ਮਿਲੇ ਨੇ ਰਸਤਿਆਂ ਵਿੱਚ ਹਾਦਸੇ ਕਿਸ ਕਿਸ ਤਰ੍ਹਾਂ ਬਣਕੇ
ਤੁਰੇ ਕੱਲੇ ਸਾਂ, ਮੰਜ਼ਿਲ ਨੂੰ ਮਿਲੇ ਪਰ ਕਾਰਵਾਂ ਬਣਕੇ

ਉਹ ਐਸਾ ਹਮਸਫ਼ਰ ਹੈ, ਨਾਲ ਹਰ ਮੌਸਮ 'ਚ ਰਹਿੰਦਾ ਹੈ
ਕਦੇ ਬਣ ਧੁੱਪ ਮਿਲਦਾ ਹੈ, ਕਦੇ ਮਿਲਦਾ ਹੈ ਛਾਂ ਬਣਕੇ

ਨਹੀਂ ਸ਼ਿਕਵਾ ਉਨ੍ਹਾਂ 'ਤੇ ਵੀ, ਜਿਨ੍ਹਾਂ ਛੱਡਿਆ ਹੈ ਅੱਧਵਾਟੇ
ਹਮੇਸ਼ਾ ਨਾਲ ਨੇ ਉਹ ਵੀ ਸੁਹਾਣੀ ਦਾਸਤਾਂ ਬਣਕੇ

ਬੜੇ ਅਹਿਸਾਨ ਨੇ ਸਿਰ 'ਤੇ ਉਨ੍ਹਾਂ ਅਸਮਤ-ਫਰੋਸ਼ਾਂ ਦੇ
ਜਿਨ੍ਹਾਂ ਹਰ ਜ਼ਖਮ ਦਿੱਤਾ ਹੈ, ਬੜੇ ਹੀ ਮਿਹਰਬਾਂ ਬਣਕੇ

ਗਿਲਾ ਇਹ ਤਾਂ ਨਹੀਂ ਕਿ ਉਸਨੇ ਲੁੱਟਿਆ ਹੈ ਚਮਨ ਸਾਰਾ
ਗਿਲਾ ਇਹ ਹੈ ਕਿ ਆਇਆ ਸੀ ਕਿਉਂ ਉਹ ਬਾਗਬਾਂ ਬਣਕੇ

*(8.8.95)*

## 56

ਖ਼ਾਬ ਤਾਂ ਉਸਦੇ ਸਦਾ ਆਉਂਦੇ ਰਹੇ
ਪਰ ਸਮੇਂ ਦੇ ਸੱਚ ਤੜਫ਼ਾਉਂਦੇ ਰਹੇ

ਨਕਸ਼ ਸੋਹਣੇ ਸੁਫ਼ਨਿਆਂ ਦੇ ਦੇਸ਼ ਦੇ
ਅੱਖੀਆਂ ਵਿੱਚ ਤਾਰੀਆਂ ਲਾਉਂਦੇ ਰਹੇ

ਰਹਿ ਗਿਆ ਆਪਣੀ ਉਦਾਸੀ ਦਾ ਇਲਾਜ
ਦੁਨੀਆਂ ਭਰ ਦੇ ਦੁੱਖ ਵੰਡਵਾਉਂਦੇ ਰਹੇ

ਜਦ ਮਿਲੇ, ਉਹ ਫ਼ਾਸਲਾ ਰੱਖ ਕੇ ਮਿਲੇ
ਤੇਲ ਬਲਦੀ 'ਤੇ ਸਦਾ ਪਾਉਂਦੇ ਰਹੇ

ਕਿਰ ਗਿਆ ਮੁੱਠੀ ਚੋਂ ਰੇਤੇ ਵਾਂਗ ਜੋ
ਮਰਸੀਆ ਉਸ ਵਕਤ ਦਾ ਗਾਉਂਦੇ ਰਹੇ

*(13.8.95)*

## 57

ਖ਼ਾਬਾਂ ਦਾ ਇੱਕ ਮਹਿਲ ਬਣਾਈ ਬੈਠੇ ਹਾਂ
ਅਣਹੋਣੀ ਦੀ ਆਸ ਲਗਾਈ ਬੈਠੇ ਹਾਂ

ਜੱਗ ਤੋਂ ਆਪਣਾ-ਆਪ ਛੁਪਾਉਂਦੇ ਫਿਰਦੇ ਹਾਂ
ਉੱਜਲੇ ਉੱਜਲੇ ਚੋਲੇ ਪਾਈ ਬੈਠੇ ਹਾਂ

ਬੰਦਾ ਕਹਿਣਾ ਛੱਡ ਚੁੱਕੇ ਹਾਂ, ਹੁਣ ਖ਼ੁਦ ਨੂੰ
ਧਰਮ, ਜ਼ਾਤ ਜਾਂ ਗੋਤ ਬਣਾਈ ਬੈਠੇ ਹਾਂ

ਉਸ ਦੇ ਸਾਰੇ ਗ਼ਮ ਅਪਨਾਉਣ ਖ਼ਾਤਰ ਤਾਂ
ਆਪਣੇ ਸਾਰੇ ਦਰਦ ਭੁਲਾਈ ਬੈਠੇ ਹਾਂ

ਇੱਕ ਨਾ ਇੱਕ ਦਿਨ ਮੰਜ਼ਿਲ ਹਾਸਲ ਹੋਏਗੀ
ਨ੍ਹੇਰੀ ਦੇ ਵਿੱਚ ਦੀਪ ਜਲਾਈ ਬੈਠੇ ਹਾਂ

*(8.9.95)*

## 58

ਵਧ ਗਈ ਇਹ ਬੇਕਰਾਰੀ ਕਿਸ ਤਰ੍ਹਾਂ
ਬਦਲ ਗਈ ਦੁਨੀਆਂ ਹੀ ਸਾਰੀ ਕਿਸ ਤਰ੍ਹਾਂ

ਹੁਣ ਜ਼ਖ਼ਮ ਕੋਈ ਨਾ ਬਣਦਾ ਅੱਥਰੂ
ਹੋਇਆ ਦਿਲ ਪੱਥਰ ਤੋਂ ਭਾਰੀ ਕਿਸ ਤਰ੍ਹਾਂ

ਰੂਹ 'ਤੇ ਉੱਗੇ ਹਾਦਸੇ ਖੰਭਾਂ ਦੀ ਥਾਂ
ਬਿਨ ਪਰਾਂ ਲੱਗੇ ਉਡਾਰੀ ਕਿਸ ਤਰ੍ਹਾਂ

ਹਰ ਕੋਈ ਰਿਸ਼ਤਾ ਵਿਕਾਊ ਬਣ ਗਿਆ
ਹਰ ਕੋਈ ਬਣਿਆ ਵਪਾਰੀ ਕਿਸ ਤਰ੍ਹਾਂ

ਲਿਖੀਏ-ਕਹੀਏ ਕੁੱਛ, ਕਰੀਏ ਹੋਰ ਕੁੱਛ
ਸਾਨੂੰ ਲੱਗੀ ਇਹ ਬਿਮਾਰੀ ਕਿਸ ਤਰ੍ਹਾਂ

ਨਾ ਹੀ ਸੁਣੀਏਂ, ਤੱਕੀਏ ਨਾ ਬੋਲੀਏ
ਮੰਨੀਏਂ ਏਨੀ ਲਾਚਾਰੀ ਕਿਸ ਤਰ੍ਹਾਂ

ਉਹ ਨੇ ਗਿਣਤੀ ਦੇ ਅਸੀਂ ਅਣਗਿਣਤ ਹਾਂ
ਮੁੱਠੀ ਭਰ, ਲੱਖਾਂ 'ਤੇ ਭਾਰੀ ਕਿਸ ਤਰ੍ਹਾਂ

ਸਿਰ ਨਿਵਾ ਕੇ ਚੱਲਣਾ, ਹਰਗਿਜ਼ ਨਹੀਂ
ਝੱਲੀਏ ਏਨੀ ਖੁਆਰੀ ਕਿਸ ਤਰ੍ਹਾਂ

*(17.9.95)*

## 59

ਜ਼ਮਾਨੇ ਦਾ ਚਲਨ ਕੁਛ ਬਦਲ ਗਿਆ ਹੈ
ਦੁਪਹਿਰੇ ਸਿਖ਼ਰ ਦੇ ਦਿਨ ਢਲ ਗਿਆ ਹੈ

ਸ਼ਾਮ ਅੱਜ ਕਲ ਸੰਧੂਰੀ ਕਿਉਂ ਨਹੀਂ ਹੈ
ਜਾਂ ਨਜ਼ਰਾਂ ਵਿੱਚ ਧੁੰਦਲਕਾ ਰਲ ਗਿਆ ਹੈ

ਜਿਹਨਾਂ ਤੁਰਨਾ ਸੀ ਅੱਜ ਲੈ ਕੇ ਮਸ਼ਾਲਾਂ
ਕਿਵੇਂ ਨ੍ਹੇਰਾ ਉਨ੍ਹਾਂ ਨੂੰ ਛਲ ਗਿਆ ਹੈ

ਕੋਈ ਯਾਦਾਂ ਦੇ ਜੇ ਵਰਕੇ ਫਰੋਲੇ
ਕਹਿਣ ਇਸਦਾ ਤਾਂ ਭੇਜਾ ਚਲ ਗਿਆ ਹੈ

ਜਿਨ੍ਹੇ ਝੁਕ ਝੁਕ ਕੇ ਜੀਊਣਾ ਸਿੱਖ ਲਿਆ
ਉਹਨੂੰ ਕਹਿੰਦੇ ਨੇ ਹੁਣ ਸੰਭਲ ਗਿਆ ਹੈ

ਇਹ 'ਟੈਂਸ਼ਨ', 'ਗੈਸ' ਤੇ ਇਹ 'ਆਰਥ੍ਰਾਈਟਸ'
ਹਰਿੱਕ ਸਿਸਟਮ ਹੀ ਸਮਝੋ ਗਲ ਗਿਆ ਹੈ

*(19.9.95)*

## 60

ਲੋਕਾਂ ਸਾਹਵੇਂ ਹੱਸਦੇ ਹੱਸਦੇ ਰਹਿੰਦੇ ਨੇ
ਤਨਹਾਈ ਵਿੱਚ ਖ਼ਬਰੇ ਕੀ ਕੁਛ ਸਹਿੰਦੇ ਨੇ

ਕੰਮ ਤੇ ਜਾਣਾ, ਖਾਣਾ-ਪੀਣਾ ਤੇ ਸੌਣਾ
ਏਸੇ ਨੂੰ ਹੀ ਅੱਜਕਲ ਜੀਊਣਾ ਕਹਿੰਦੇ ਨੇ

'ਹੈਲੋ', 'ਹਾਇ' ਫੋਨ ਤੇ ਕਾਨਾਫੂਸੀ ਕੁੱਛ
ਸ਼ਹਿਰ 'ਚ ਇਸਨੂੰ ਮਿਲਣਾ ਗਿਲਣਾ ਕਹਿੰਦੇ ਨੇ

ਕਿਸ ਦੇ ਘਰ ਵਿੱਚ ਕਿੰਨਾ ਸੁੱਖ ਤੇ ਸ਼ਾਂਤੀ ਹੈ
ਨਜ਼ਰਾਂ ਵਾਲੇ ਚਿਹਰੇ ਤੋਂ ਪੜ੍ਹ ਲੈਂਦੇ ਨੇ

ਕਤਲੋ-ਗ਼ਾਰਤ, ਸੀਨਾ-ਜ਼ੋਰੀ ਤੇ ਲੁੱਟਾਂ
ਜੰਗਲ ਵਾਲੇ ਸ਼ਹਿਰਾਂ ਵਿੱਚ ਵੀ ਰਹਿੰਦੇ ਨੇ

ਚਿਹਰੇ 'ਤੇ ਮੁਸਕਾਨ ਲਿਆਉਣ ਲਈ ਕੋਈ
ਦਿਲ ਵਿੱਚ ਲੱਖਾਂ ਦਰਦ ਛੁਪਾਉਣੇ ਪੈਂਦੇ ਨੇ

ਰਾਹਵਾਂ ਵੱਖ-ਵੱਖ ਨੇ ਪਰ ਮੰਜ਼ਿਲ ਇੱਕੋ ਹੈ
ਸਾਰੇ ਦਰਿਆ ਸਾਗਰ ਵਲ ਨੂੰ ਵਹਿੰਦੇ ਨੇ

ਚੰਡੀਗੜ੍ਹ ਜਿਹਾ ਸ਼ਹਿਰ ਉਸਾਰਨ ਦੇ ਬਦਲੇ
ਵਸਦੇ ਰਸਦੇ ਪਿੰਡ ਉਠਾਉਣੇ ਪੈਂਦੇ ਨੇ

*(7. 10. 95)*

## 61

ਦਿਲ ਕਿਵੇਂ ਮਜਬੂਰੀਆਂ ਵਿੱਚ ਫੱਸਿਆ
ਆਵਾਜ਼ ਨੂੰ ਖਾਮੋਸ਼ੀਆਂ ਨੇ ਡੱਸਿਆ

ਹੰਝੂਆਂ ਦਾ ਵਹਿਣ ਕੀਕਣ ਰੋਕਿਆ
ਜਦ ਕਦੇ ਵੀ ਖੁੱਲ੍ਹ ਕੇ ਦਿਲ ਹੱਸਿਆ

ਚਾਨਣਾ ਲੱਭਦੇ ਰਹੇ ਸਾਰੀ ਉਮਰ
ਹਿੱਸੇ ਆਈ ਕਾਲੀ-ਬੋਲੀ ਮੱਸਿਆ

ਦੂਰ ਸਾਹਿਲ, ਅੱਗੇ ਘੁੰਮਣਘੇਰੀਆਂ
ਕਿਸ ਜਗ੍ਹਾ ਆ ਕੇ ਸਫ਼ੀਨਾ ਫੱਸਿਆ

ਪਾਣੀ, ਬੱਦਲ ਤੇ ਹਵਾ ਚੱਲਦੇ ਭਲੇ
ਕਦ ਭਲਾ ਘਰ ਜੋਗੀਆਂ ਦਾ ਵੱਸਿਆ

ਮੰਜ਼ਿਲ ਬੇਸ਼ੱਕ ਦੂਰ ਹੁੰਦੀ ਹੀ ਰਹੇ
ਚੱਲਦੇ ਰਹਿਣਾ, ਰਹਿਬਰਾਂ ਨੇ ਦੱਸਿਆ

*(9. 11. 95)*

## 62

ਪਹਿਚਾਣ ਅਪਣੀ ਭੁੱਲ ਗਿਆ ਹੈ ਆਦਮੀ
ਰਿਸ਼ਤਿਆਂ ਵਿੱਚ ਰੁਲ ਗਿਆ ਹੈ ਆਦਮੀ

ਜਿੱਥੇ ਹਰ ਇੱਕ ਸ਼ੈਅ ਦੀ ਕੀਮਤ ਲੱਗ ਰਹੀ
ਮੰਡੀ ਵਿੱਚ ਬੇ-ਮੁੱਲ ਗਿਆ ਹੈ ਆਦਮੀ

ਮੁਰਦਿਆਂ ਨੂੰ ਕਦ ਕੋਈ ਰੱਖਦਾ ਘਰੀਂ
ਲਾਸ਼ ਬਣਕੇ ਫੁੱਲ ਗਿਆ ਹੈ ਆਦਮੀ

ਪੱਥਰਾਂ ਵਿੱਚ ਰਹਿ ਕੇ ਪੱਥਰ ਹੋ ਗਿਆ
ਪੱਥਰਾਂ ਵਿੱਚ ਰੁਲ ਗਿਆ ਹੈ ਆਦਮੀ

ਜਦ ਵੀ ਰੱਖਿਆ ਪੈਰ ਸੀਮਾਂ ਤੋਂ ਪਰੇ
ਸੜਕਾਂ ਉੱਤੇ ਡੁੱਲ੍ਹ ਗਿਆ ਹੈ ਆਦਮੀ

ਨਾ ਹੀ ਜੰਗਲ ਦਾ ਰਿਹਾ, ਨਾ ਸ਼ਹਿਰ ਦਾ
ਡੋਬ ਆਪਣੀ ਕੁਲ ਗਿਆ ਹੈ ਆਦਮੀ

ਫਸ ਗਿਆ ਝੂਠਾਂ ਦੇ ਰੰਗਲੇ ਜਾਲ ਵਿੱਚ
ਸਾਦਾ ਸੱਚ ਨੂੰ ਭੁੱਲ ਗਿਆ ਹੈ ਆਦਮੀ

*(10.11.95)*

## 63

ਹੋਠਾਂ ਉੱਤੇ ਆਉਂਦੀ ਗੱਲ ਜੋ ਰਹਿ ਜਾਂਦੀ ਹੈ
ਨੈਣਾਂ ਦੀ ਖ਼ਾਮੋਸ਼ੀ ਉਸਨੂੰ ਕਹਿ ਜਾਂਦੀ ਹੈ

ਕੰਡਾ ਵੀ ਜੇ ਚੁੱਭਦਾ, ਅੱਥਰੂ ਵਹਿ ਤੁਰਦੇ ਨੇ
ਧੰਨ ਜਿਗਰਾ ਧਰਤੀ ਦਾ ਜੋ ਸਭ ਸਹਿ ਜਾਂਦੀ ਹੈ

ਕੱਚੀਆਂ ਨੀਹਾਂ 'ਤੇ ਨਾ ਮਹਿਲ ਉਸਾਰੇ ਜਾਂਦੇ
ਰੇਤੇ ਦੀ ਦੀਵਾਰ ਤਾਂ ਇਕ ਦਿਨ ਢਹਿ ਜਾਂਦੀ ਹੈ

ਚਾਹੇ ਕਿੰਨੇ ਉੱਚੇ ਬੰਨ੍ਹ ਲਗਾ ਲਈਏ
ਤੇਜ਼ ਧਾਰ ਤਾਂ ਕੰਢਿਆਂ ਦੇ ਸੰਗ ਖਹਿ ਜਾਂਦੀ ਹੈ

ਨਾਖ਼ੁਦਾ ਤੇ ਬਾਦਬਾਨ ਦੇ ਬਾਝੋਂ ਕਿਸ਼ਤੀ
ਅੱਧ-ਵਿਚਾਲੇ ਜਾ ਕੇ ਅਕਸਰ ਬਹਿ ਜਾਂਦੀ ਹੈ

ਏਨੇ ਪਾਪ-ਕੁਕਰਮ ਹਾਂ ਧੋਂਦੇ ਗੰਗਾ ਵਿੱਚ
ਅਪਣੀ ਚਾਲੇ, ਉਹ ਸਾਗਰ ਵਲ ਵਹਿ ਜਾਂਦੀ ਹੈ

ਦੁਨੀਆਂ ਦੇ ਸਾਰੇ ਸੁੱਖ ਹਾਸਲ ਕਰਕੇ ਵੀ
ਇਕ ਨਾ ਇਕ ਤਾਂ ਹਸਰਤ ਦਿਲ ਵਿੱਚ ਰਹਿ ਜਾਂਦੀ ਹੈ

*(11.1.96)*

## 64

ਤੇਰੀ ਇਸ ਦੁਨੀਆਂ ਵਿੱਚ ਸਾਨੂੰ ਕੁਛ ਵੀ ਰਾਸ ਨਾ ਆਇਆ
ਸੱਤ ਸਮੁੰਦਰ ਪੀ ਕੇ ਵੀ ਮਨ ਅਜੇ ਤੀਕ ਤਿਰਹਾਇਆ

ਖੁਸ਼ੀਆਂ ਦੇ ਦਿਨ ਬੀਤ ਗਏ ਕਦ, ਪਤਾ ਨਾ ਕੁਛ ਵੀ ਲੱਗਾ
ਜੀਵਨ ਭਰ ਲਈ ਬਣ ਬੈਠਾ ਹੈ ਗ਼ਮ ਅਪਣਾ ਹਮਸਾਇਆ

ਹਰੇ-ਭਰੇ ਬਾਗਾਂ ਅੰਦਰ ਹੀ ਪੰਛੀ ਕਰਨ ਬਸੇਰਾ
ਸੁੱਕੇ ਰੁੱਖ ਤੇ ਕਿਸੇ ਪੰਖੇਰੂ ਕਦੋਂ ਆਲ੍ਹਣਾ ਪਾਇਆ

ਲੱਖ ਰੁੱਤਾਂ ਆਈਆਂ ਤੇ ਗਈਆਂ, ਗਈ ਨਾ ਪਰ ਤਨਹਾਈ
ਸਾਡੇ ਕੋਠੇ 'ਤੇ ਨਾ ਕੋਈ ਕਾਗ਼ ਕਦੇ ਕੁਰਲਾਇਆ

ਰੁੱਤ ਅਪਣੀ ਪਰਵਾਜ਼ਾਂ ਵਾਲੀ, ਬੀਤ ਗਈ ਕੁਛ ਏਦਾਂ
ਕੁਛ ਮਹਿਕਾਂ ਨੇ ਚੂਸ ਲਈ, ਕੁਛ ਰੰਗਾਂ ਨੇ ਭਰਮਾਇਆ

ਕਿਸਨੂੰ ਦਿਲ ਦੇ ਜ਼ਖਮ ਦਿਖਾਈਏ, ਕਿਸਨੂੰ ਹਾਲ ਸੁਣਾਈਏ
ਸਾਥ ਅਸਾਡਾ ਛੱਡ ਚੱਲਿਆ ਹੈ ਜਦ ਅਪਣਾ ਹੀ ਸਾਇਆ

ਮਹਿਕਾਂ ਵੰਡੀਆਂ, ਰੰਗ ਬਿਖ਼ੇਰੇ, ਭਰ ਜੋਬਨ ਦੀ ਰੁੱਤੇ
ਪੈਰਾਂ ਹੇਠਾਂ ਗਿਆ ਮਿੱਧਿਆ, ਫੁੱਲ ਜਦੋਂ ਮੁਰਝਾਇਆ

ਕੁਛ ਮਿੱਠੀਆਂ ਕੁਛ ਕੌੜੀਆਂ ਯਾਦਾਂ ਤੇ ਕੁਛ ਖ਼ਾਬ ਅਧੂਰੇ
ਲੈ ਦੇ ਕੇ ਇਹ ਅਪਣੇ ਪੱਲੇ ਜੀਵਨ ਦਾ ਸਰਮਾਇਆ

ਮੈਂ ਜਿਹੜੇ ਵੀ ਰਾਹ ਤੇ ਤੁਰਿਆ, ਮਿਲੇ ਹਮਸਫ਼ਰ ਲੱਖਾਂ
ਨਾਲ ਤੁਰੇ ਕੁਛ ਦੂਰੀ, ਧੁਰ ਤੱਕ ਸਾਥ ਨਾ ਕਿਸੇ ਨਿਭਾਇਆ

*(23. 1. 96)*

## 65

ਅੱਗ ਬਣ ਕੇ ਪਿੰਡ ਚੋਂ ਲੰਘੀ ਹਵਾ
ਧੁਖ ਰਿਹਾ ਇਕ ਸੁਫ਼ਨਿਆਂ ਦਾ ਕਾਫ਼ਲਾ

ਆਦਮੀ ਪਹਿਚਾਣ ਅਪਣੀ ਭੁੱਲਿਆ
ਚਿਹਰਿਆਂ ਤੋਂ ਨਕਸ਼ ਹੋਏ ਲਾ-ਪਤਾ

ਤਾਰਿਆਂ ਦੀ ਵਿੱਥ ਘਟਦੀ ਜਾ ਰਹੀ
ਵਧਦਾ ਜਾਂਦਾ ਘਰ ਤੋਂ ਘਰ ਦਾ ਫ਼ਾਸਲਾ

ਕਿੰਝ ਕਰਾਂਗੇ ਯਾਰ ਦੇ ਗ਼ਮ ਦਾ ਇਲਾਜ
ਨਾ ਦਵਾ ਹੀ ਬਾ-ਅਸਰ ਹੈ, ਨਾ ਦੁਆ

ਬੋਲ ਨਾ ਦੇਵੋ ਕੁਲਹਿਣੀ ਚੁੱਪ ਨੂੰ
ਤੁਰ ਪਏਗਾ ਰੋਸਿਆਂ ਦਾ ਸਿਲਸਿਲਾ

ਕੀ ਭਲਾ ਹੁਣ ਲੋੜ ਏਥੇ ਰੱਬ ਦੀ
ਬਣਿਆ ਬੈਠਾ ਹਰ ਬਸ਼ਰ ਏਥੇ ਖ਼ੁਦਾ

*(22.2.96)*

## 66

ਮਿਲ ਕੇ ਵਿੱਛੜੇ ਕਈ ਮੁਸਾਫ਼ਿਰ ਰਾਹਵਾਂ ਵਿੱਚ
ਐਪਰ ਕਿੰਨੇ ਰਹੇ ਸਲਾਮਤ ਸਾਹਵਾਂ ਵਿੱਚ

ਦਿਲ ਨੇ ਚਾਹਿਆ ਵੀ, ਪਰ ਕੁਛ ਨਾ ਬੋਲ ਸਕੇ
ਢੁਕਵੇਂ ਸ਼ਬਦ ਮਿਲੇ ਨਾ ਕੁੱਲ ਭਾਸ਼ਾਵਾਂ ਵਿੱਚ

ਕੁਛ ਹੱਸ ਕੇ ਕੁਛ ਚੁਪ ਰਹਿ ਕੇ ਸਾਂਝਾ ਕੀਤਾ
ਬਹੁਤਾ ਹੋਇਆ ਜ਼ਾਹਿਰ ਮੂਕ ਅਦਾਵਾਂ ਵਿੱਚ

ਕਾਸ਼ ਕਿ ਇੱਕ ਇੱਕ ਅਪਣੀ ਝੋਲੀ ਪਾ ਲੈਂਦਾ
ਜਿੰਨੇ ਕੰਡੇ ਬਿੱਖਰੇ ਉਸਦੇ ਰਾਹਵਾਂ ਵਿੱਚ

ਕਦੇ ਨਾ ਸਕਣ ਬੁਝਾ ਉਹ ਦੀਪਕ ਸਾਂਝਾਂ ਦਾ
ਏਨਾ ਜ਼ੋਰ ਨਹੀਂ ਹੈ ਇਨ੍ਹਾਂ ਹਵਾਵਾਂ ਵਿੱਚ

(25.2.96)

## 67

ਆਪਣੇ ਦਰਦ ਵੰਡਾਵੇ ਕੌਣ
ਆਪਣਾ ਬਣ ਕੇ ਆਵੇ ਕੌਣ

ਹੱਸਦਿਆਂ ਦੇ ਸਾਰੇ ਬੇਲੀ
ਰੁੱਸੇ ਮੀਤ ਮਨਾਵੇ ਕੌਣ

ਟੁੱਟਦੇ ਆਏ ਸਦਾ ਖਿਡਾਉਣੇ
ਬਾਲਾਂ ਨੂੰ ਸਮਝਾਵੇ ਕੌਣ

ਲੰਮਾ ਪੈਂਡਾ, ਰਾਹ ਪਥਰੀਲਾ
ਅਪਣੇ ਘਰ ਤੱਕ ਆਵੇ ਕੌਣ

ਵਾਚਕ ਹੈ ਪਰ ਵਕਤ ਨਹੀਂ
ਲੰਮੀਆਂ ਬਾਤਾਂ ਪਾਵੇ ਕੌਣ

ਸੁਫ਼ਨੇ ਸੱਚ ਕਦੇ ਨਾ ਹੁੰਦੇ
ਦਿਲ ਨੂੰ ਪਰ ਸਮਝਾਵੇ ਕੌਣ

*(27.2.96)*

## 68

ਵਗਦੇ ਪਾਣੀ ਤੇ ਉੱਡਦੇ ਪੰਛੀਆਂ ਨੂੰ ਪਿਆਰ ਨਹੀਂ ਕਰਦੇ
ਜੋ ਟਿਕਦੇ ਹੀ ਨਾ ਇੱਕ ਥਾਂ, ਉਹਨਾਂ ਤੇ ਇਤਬਾਰ ਨਹੀਂ ਕਰਦੇ

ਇਸ਼ਕ ਵਿੱਚ ਰਮ ਗਏ ਜੋ ਉਹ ਸਦਾ ਚੁਪ-ਚਾਪ ਹੀ ਰਹਿੰਦੇ
ਜ਼ੁਬਾਨੋਂ ਬੋਲ ਕੇ ਕੁਛ, ਪਿਆਰ ਦਾ ਇਜ਼ਹਾਰ ਨਹੀਂ ਕਰਦੇ

ਸੂਰਮੇ ਸਿਰ ਵੀ ਦੇ ਜਾਵਣ, ਸਮੇਂ ਦੀ ਮੰਗ ਜੇ ਹੋਵੇ
ਕਿਸੇ ਦਾ ਐਵੇਂ ਦਿਲ ਰੱਖਣ ਲਈ ਇਕਰਾਰ ਨਹੀਂ ਕਰਦੇ

ਅਕਲ ਵਾਲੇ ਤਾਂ ਦੁਸ਼ਮਣ ਨੂੰ, ਬਿਨਾਂ ਹਥਿਆਰ ਹੀ ਮਾਰਨ
ਉਹ ਇਸਤੇਮਾਲ ਚਾਕੂ, ਛੁਰੀਆਂ ਜਾਂ ਤਲਵਾਰ ਨਹੀਂ ਕਰਦੇ

ਸਦਾ ਸੱਚ ਨੂੰ ਜ਼ਹਿਰ, ਸੂਲੀ, ਸਲੀਬਾਂ ਹੀ ਨਸੀਬ ਹੋਈਆਂ
ਇਸ਼ਕ ਦੇ ਰਹਿਨੁਮਾ ਪਰ ਇਸ਼ਕ ਤੋਂ ਇਨਕਾਰ ਨਹੀਂ ਕਰਦੇ

*(13.3.96)*

## 69

ਇਸ਼ਕ ਸਮੁੰਦਰ ਦੇ ਵਿੱਚ ਯਾਰੋ ਜਿਸਨੇ ਗੋਤਾ ਲਾਇਆ
ਕਿਸਮਤ ਵਾਲਾ ਹੀ ਫਿਰ ਕੋਈ ਮੁੜਕੇ ਉੱਪਰ ਆਇਆ

ਕਿੰਨੇ ਰਾਂਝੇ, ਕਿੰਨੀਆਂ ਹੀਰਾਂ, ਕੁੱਦ ਗਈਆਂ ਇਸ ਅੰਦਰ
ਪਰ ਇਸਦੀ ਡੂੰਘਾਈ ਦਾ ਨਾ ਥਹੁ ਕਿਸੇ ਵੀ ਪਾਇਆ

ਮੌਤ-ਜਨਮ ਦੇ ਵਾਂਗੂੰ ਇਹ ਵੀ ਕੁਦਰਤ ਦਾ ਵਰਤਾਰਾ
ਇਸ਼ਕ ਜਿਨੂ ਕਹਿੰਦੇ ਨੇ ਉਸਦਾ ਭੇਤ ਕਿਸੇ ਨਾ ਪਾਇਆ

ਗ਼ਮ ਤੇ ਇਸ਼ਕ ਤਾਂ ਜਾਪਣ ਜੀਕਣ ਇੱਕੋ ਮਾਂ ਦੇ ਜਾਏ
ਕਦੇ ਕਦੇ ਪਛਤਾਵਾ ਬਣ ਬੈਠੇ ਤੀਜਾ ਹਮਸਾਇਆ

ਨਾਪ ਤੋਲ ਕੇ ਚੱਲਣ ਵਾਲੇ ਇਸ਼ਕ ਨਹੀਂ ਕਰ ਸਕਦੇ
ਆਸ਼ਿਕ ਕਦੇ ਨਾ ਸੋਚੇ ਉਸਨੇ ਕੀ ਖੋਇਆ ਕੀ ਪਾਇਆ

*(2.4.96)*

## 70

ਕਿੰਨੀਆਂ ਹੀ ਚੋਟਾਂ ਖਾਈਆਂ ਨੇ
ਮੁੜ ਕੇ ਫਿਰ ਅੱਖੀਆਂ ਲਾਈਆਂ ਨੇ

ਜਿੰਨੀਆਂ ਵੀ ਕਸਮਾਂ ਖਾਈਆਂ ਨੇ
ਮੁੜ-ਮੁੜ ਉਹੀਓ ਦੁਹਰਾਈਆਂ ਨੇ

ਸਾਂਵੀਂ-ਪੱਧਰੀ ਜਗ੍ਹਾ ਹੈ ਕਿੱਥੇ
ਕਿਤੇ ਪਹਾੜ, ਕਿਤੇ ਖਾਈਆਂ ਨੇ

ਅਪਣੇ ਹੀ ਮੱਥੇ ਚੋਂ ਉੱਗੀਆਂ
ਅਪਣੇ ਹੀ ਗਲ ਨੂੰ ਆਈਆਂ ਨੇ

ਰਾਜੇ ਬਣ ਕੇ ਰਹਿ ਗਏ ਜੋਗੀ
ਜਦ ਇਹ ਅਪਣੀ ਤੇ ਆਈਆਂ ਨੇ

ਖ਼ੂਨ ਦੀਆਂ ਇਹ ਤਿਰਹਾਈਆਂ ਨੇ
ਫਿਰ ਵੀ ਸਭ ਦੇ ਮਨ-ਭਾਈਆਂ ਨੇ

ਇਸ਼ਕ ਦੀਆਂ ਇਹ ਗੁੱਝੀਆਂ ਰਮਜ਼ਾਂ
ਸਮਝੇ ਉਹੀ, ਜਿਨ੍ਹੇ ਲਾਈਆਂ ਨੇ

## 71

ਕੁੱਝ ਲੱਗਦਾ ਨਾ ਚੰਗਾ, ਹੋਵੇ ਮਨ ਜੇ ਉਦਾਸ
ਚੰਗੇ ਵੇਲਿਆਂ ਦੀ ਯਾਦ ਵੀ ਨਾ ਦੇਵੇ ਧਰਵਾਸ

ਰਹਿਣ ਉਲਝੇ ਵਿਚਾਰ, ਆਉਣ ਸੁਫ਼ਨੇ ਡਰਾਉਣੇ
ਕਦੇ ਕਦੇ ਪੂਰੀ ਰਾਤ ਆਵੇ ਨੀਂਦਰ ਨਾ ਪਾਸ

ਲੱਗੇ ਕਿਣਕਾ ਪਹਾੜ, ਦਿਸੇ ਤਿਣਕਾ ਛਤੀਰ
ਕੋਈ ਕੰਮ ਸਿਰੇ ਚਾੜ੍ਹਨੇ ਦੀ ਦਿਖਦੀ ਨਾ ਆਸ

ਦਿਲ ਰਹੇ ਦਿਲਗ਼ੀਰ, ਵਗੇ ਅੱਖੀਆਂ ਚੋਂ ਨੀਰ
ਮੂੰਹੋਂ ਨਿੱਕਲੇ ਨਾ ਬੋਲ, ਕਿਵੇਂ ਨਿੱਕਲੇ ਭੜਾਸ

ਪੂਰੇ ਚੰਦ ਦੀ ਵੀ ਚਾਨਣੀ ਨਾ ਮਨ ਨੂੰ ਲੁਭਾਵੇ
ਦਿਲ ਚਾਹੇ, ਰਹੇ ਨ੍ਹੇਰਾ ਸਦਾ ਉਹਦੇ ਆਸ ਪਾਸ

ਨਾ ਹੀ ਮੰਦਰੀਂ ਮਸੀਤੀਂ, ਨਾ ਹੀ ਡੇਰਿਆਂ 'ਚ ਚੈਨ
ਚਾੜ੍ਹੋ ਕਿੰਨੇ ਵੀ ਚੜ੍ਹਾਵੇ, ਕਰੋ ਕਿੰਨੀ ਅਰਦਾਸ

ਸਮਾਂ ਬੀਤੇ, ਇਕ ਪਲ ਜਿਵੇਂ ਸਦੀਓਂ ਲੰਮੇਰਾ
ਇੰਜ ਲੱਗੇ ਜਿਵੇਂ ਸੂਲੀ ਉੱਤੇ ਲਟਕੇ ਸਵਾਸ

ਹਾਸੇ ਵਾਲੀ ਹਰ ਗੱਲ, ਜਾਪੇ ਜ਼ਹਿਰ ਤੋਂ ਵੀ ਕੌੜੀ
ਕੋਈ ਮਨ-ਪਰਚਾਵਾ ਆਵੇ ਦਿਲ ਨੂੰ ਨਾ ਰਾਸ

ਕਿਸੇ ਮਿੱਤਰ-ਪਿਆਰੇ ਨੂੰ ਤਾਂ ਮਿਲਣਾ ਵੀ ਦੂਰ
ਬੰਦਾ ਆਪਣੇ ਹੀ ਘਰ ਵਿੱਚ ਭੋਗੇ ਬਣਵਾਸ

ਕੁਛ ਫਰਜ਼ਾਂ ਦਾ ਜੂਲਾ, ਰੱਖੀ ਛੱਡੇ ਅੱਧਮੋਏ
ਇਕ ਮਨ ਦਾ ਹੀ ਹਿੱਸਾ, ਕਰੇ ਮਰਨੇ ਦੀ ਆਸ

ਥੱਕੇ ਵੈਦ ਤੇ ਹਕੀਮ, ਰਹੇ ਨਬਜ਼ਾਂ ਹੀ ਟੋਂਹਦੇ
ਏਸ ਰੋਗ ਦਾ ਨਾ ਹੋਇਆ, ਕੋਈ ਉਹਨਾਂ ਨੂੰ ਕਿਆਸ

ਰੋਸਾ, ਦੂਰੀ ਜਾਂ ਵਿਛੋੜਾ, ਏਸ ਰੋਗ ਦੀ ਨੇ ਜੜ੍ਹ
ਉੱਡ ਜਾਣ ਸਾਰੇ ਦੁੱਖ, ਜਦੋਂ ਆ ਬਹੇ ਉਹ ਪਾਸ

*(11.4.96)*

## 72

ਨ੍ਹੇਰੀਆਂ ਰਾਤਾਂ ਦੇ ਸੰਗ ਟਕਰਾਉਣ ਦੀ ਕੋਸ਼ਿਸ਼ ਤਾਂ ਕਰ
ਜੁਗਨੂੰ ਹੀ ਬਣ, ਰਹਿਗੁਜ਼ਰ ਰੁਸ਼ਨਾਉਣ ਦੀ ਕੋਸ਼ਿਸ਼ ਤਾਂ ਕਰ

ਤੁਰ ਪਏ ਜੇ ਕਾਫ਼ਲੇ, ਮੰਜ਼ਿਲ ਵੀ ਆਏਗੀ ਨਜ਼ਰ
ਭਟਕਿਆਂ ਨੂੰ ਰਾਹ ਕੋਈ ਦਿਖਲਾਉਣ ਦੀ ਕੋਸ਼ਿਸ਼ ਤਾਂ ਕਰ

ਹਾਰ ਤੇ ਜਿੱਤ ਇੱਕ ਹੀ ਸਿੱਕੇ ਦੇ ਨੇ ਦੋ ਪਾਸੇ ਜਿਵੇਂ
ਅੰਦਰ ਦੀ ਉਲਝਣ ਚੋਂ ਬਾਹਰ ਆਉਣ ਦੀ ਕੋਸ਼ਿਸ਼ ਤਾਂ ਕਰ

ਉੱਠ ਕੇ ਤੁਰ ਪੈਣਗੇ ਫਿਰ ਬਹਿ ਗਏ ਅੱਧ ਵਿੱਚ ਜੋ
ਰੁੱਸ ਗਏ ਯਾਰਾਂ ਨੂੰ ਸੀਨੇ ਲਾਉਣ ਦੀ ਕੋਸ਼ਿਸ਼ ਤਾਂ ਕਰ

ਕਿਰਤ ਦੇ ਮੱਥੇ ਫਤਹਿ ਦਾ ਤਾਜ ਚਮਕੇਗਾ ਜ਼ਰੂਰ
ਜਜ਼ਬਿਆਂ ਨੂੰ ਸੋਚ 'ਤੇ ਲਿਸ਼ਕਾਉਣ ਦੀ ਕੋਸ਼ਿਸ਼ ਤਾਂ ਕਰ

*(30.4.96)*

## 73

ਖ਼ਾਤਿਰ ਜਿਨ੍ਹਾਂ ਦੀ ਛੱਡਿਆ ਸਾਰਾ ਜਹਾਨ ਸੀ
ਹਰ ਇਕ ਹੀ ਆਖ਼ਰ ਨਿਕਲਿਆ ਕਿਉਂ ਬਦਈਮਾਨ ਸੀ

ਕੀ ਦੋਸ਼ ਹੁਣ ਕਿਸੇ ਨੂੰ ਤੇ ਸ਼ਿਕਵਾ ਕਿਸੇ 'ਤੇ ਕੀ
ਆਪੇ ਹੀ ਸੂਲੀ ਟੰਗਿਆ ਅਪਣਾ ਈਮਾਨ ਸੀ

ਪਹਿਲਾਂ-ਪਹਿਲ ਮਿਲੇ ਤਾਂ ਸਨ ਮਾਸੂਮੀਅਤ ਦੀ ਰੂਹ
ਅੱਖਾਂ 'ਚ ਕੋਈ ਛਲ ਤੇ ਨਾ ਮੂੰਹ ਵਿੱਚ ਜ਼ੁਬਾਨ ਸੀ

ਆਏ, ਗਏ, ਪੱਥਰ ਬਣੇ ਰਹੇ ਦੇਖਦੇ ਅਸੀਂ
ਨੈਣਾਂ 'ਚ ਆ ਕੇ ਠਹਿਰਿਆ ਦਿਲ ਦਾ ਤੂਫ਼ਾਨ ਸੀ

ਜ਼ਿੰਦਾ ਸੀ ਦੁਨੀਆਂ ਵਾਸਤੇ ਖ਼ੁਦ ਨੂੰ ਮਿਟਾ ਕੇ ਜੋ
ਤੁਰ ਜਾਣ ਪਿੱਛੋਂ ਜਾਣਿਆਂ, ਕਿੰਨਾ ਮਹਾਨ ਸੀ

*(27.5.96)*

## 74

ਸੂਰਜ ਕੈਦ ਜਿਨ੍ਹਾਂ ਦਾ ਕੀਤਾ ਰਾਤਾਂ ਨੇ
ਕਿੱਥੋਂ ਨੂਰ ਫੈਲਾਉਣਾ ਹੁਣ ਪ੍ਰਭਾਤਾਂ ਨੇ

ਬੰਦੇ ਨੂੰ ਬੰਦੇ ਤੋਂ ਕਰ ਦਿੱਤਾ ਹੈ ਦੂਰ
ਧਰਮਾਂ, ਕੌਮਾਂ, ਰੰਗਾਂ, ਨਸਲਾਂ, ਜਾਤਾਂ ਨੇ

ਹਰ ਦਿਲ ਅੰਦਰੋਂ ਪਿਆਰ ਦਾ ਦੀਪਕ ਬੁਝ ਚੁੱਕਾ
ਇੰਝ ਭਰਮਾਇਆ 'ਲੋਅ' ਨੂੰ ਮਜ਼੍ਹਬੀ ਬਾਤਾਂ ਨੇ

ਆਸ ਜਿਨ੍ਹਾਂ ਤੋਂ ਸੀ ਕੁਝ ਰਾਹ ਦਿਖਲਾਉਣੇ ਦੀ
ਚੁੱਪ ਕਰਵਾਏ ਸਨਮਾਨਾਂ-ਸੌਗਾਤਾਂ ਨੇ

ਸੱਚ ਨਾ ਡਰਦਾ ਜ਼ਹਿਰਾਂ ਅਤੇ ਸਲੀਬਾਂ ਤੋਂ
ਜਦ-ਕਦ ਦਿਖਲਾਇਆ ਈਸਾ-ਸੁਕਰਾਤਾਂ ਨੇ

ਮਾਨਵਤਾ ਦਾ ਸੂਰਜ ਜਿਸਦਿਨ ਚਮਕੇਗਾ
ਪਲ ਭਰ ਵੀ ਨਹੀਂ ਰੁਕਣਾ ਕਾਲੀਆਂ ਰਾਤਾਂ ਨੇ

ਹਰ ਮੁਸ਼ਕਿਲ ਚੋਂ ਬੰਦਾ ਜੇਤੂ ਹੋ ਨਿਕਲੇ
ਜ਼ਿੰਦਾ ਰੱਖੀ ਆਸ ਪੁਰਾਤਨ ਬਾਤਾਂ ਨੇ

ਕਿੰਨੇ ਦੀਪਕ ਚੜ੍ਹ ਗਏ ਬਲੀ ਹਨੇਰੇ ਦੀ
ਲੇਖਾ ਮੰਗਣਾ ਹੈ ਚਾਨਣੀਆਂ ਰਾਤਾਂ ਨੇ

ਇੱਕ ਨਾ ਇੱਕ ਦਿਨ ਜੰਗ ਛਿੜੇਗੀ ਹੱਕਾਂ ਲਈ
ਕੰਮ ਨਹੀਂ ਆਉਣਾ ਪਰੀ-ਲੋਕ ਦੀਆਂ ਬਾਤਾਂ ਨੇ

*(1.6.96)*

## 75

ਇੱਟਾਂ, ਪੱਥਰ, ਬੱਜਰੀ ਪਾਕੇ ਘਰ ਬਣਵਾਇਆ
ਦੇਖ ਕਿਸੇ ਦਾ ਪੱਕਾ, ਆਪਣਾ ਕੱਚਾ ਢਾਹਿਆ

ਕਿਉਂ ਧਰਤੀ ਦੇ ਪਿੰਡੇ 'ਤੇ ਲੀਕਾਂ ਹੀ ਲੀਕਾਂ
ਕਿਉਂ ਲੀਕਾਂ ਵਿੱਚ ਘਿਰਿਆ ਹੈ ਧਰਤੀ ਦਾ ਜਾਇਆ

ਕਿਤੇ ਨਾ ਏਥੇ ਸਾਵੀਂ-ਪੱਧਰੀ ਦਿਖਦੀ ਧਰਤੀ
ਕਿਸੇ ਨਾ ਟੋਏ ਪੂਰਨ ਲਈ, ਟਿੱਬਿਆਂ ਨੂੰ ਢਾਹਿਆ

ਖ਼ੂਨ ਦਾ ਇਕੋ ਰੰਗ ਹੈ ਪਰ ਜੇ ਸਮਝੇ ਕੋਈ
ਨਾ ਫਿਰ ਏਹੋ ਖ਼ੂਨ ਨਿਰੰਤਰ ਜਾਏ ਵਹਾਇਆ

ਅਸੀਂ ਤਾਂ ਘਰ ਦੇ ਬੂਹੇ ਹਰ ਦਮ ਖੋਲ੍ਹ ਕੇ ਰੱਖੇ
ਇੱਕ ਮੁੱਦਤ ਤੋਂ ਏਧਰ ਪਰ ਕੋਈ ਗਿਆ ਨਾ ਆਇਆ

*(25.7.96)*

## 76

ਆਪੇ ਹੀ ਸਭ ਦਰਦ ਆਪਣੇ ਸਹਿਣਾ ਸਿੱਖ
ਜਿਊਂਦਾ ਰਹਿਣਾ ਹੈ ਜੇਕਰ, ਚੁੱਪ ਰਹਿਣਾ ਸਿੱਖ

ਭੁੱਲ ਜਾ ਮਨ ਦੀ ਮੌਜ ਤੇ ਸਭ ਦੀਵਾਨਾਪਨ
'ਸੱਭਿਅਕ' ਲੋਕਾਂ ਦੇ ਵਿੱਚ ਉੱਠਣਾ-ਬਹਿਣਾ ਸਿੱਖ

ਉੱਚਾ ਬੋਲਣ ਤੇ ਸਭ ਅਹਿਮਕ ਸਮਝਣਗੇ
ਦਿਲ ਦੀ ਗੱਲ ਨੂੰ ਸੈਨਤ ਵਿੱਚ ਹੀ ਕਹਿਣਾ ਸਿੱਖ

ਸਭ ਕੁਝ ਦੇਖਦਿਆਂ ਵੀ ਅੱਖਾਂ ਮੀਟੀ ਰੱਖ
ਨਿਰਧਾਰਿਤ ਸੀਮਾਵਾਂ ਅੰਦਰ ਰਹਿਣਾ ਸਿੱਖ

ਜੇਕਰ ਹਸਰਤ ਰੱਖਦੈਂ ਉੱਪਰ ਉੱਠਣ ਦੀ
ਨਤ-ਮਸਤਕ ਹੋਣਾ ਤੇ ਪੈਰੀਂ ਪੈਣਾ ਸਿੱਖ

ਛੱਡ ਦੇ ਨਦੀਆਂ ਵਰਗੀ ਆਪ ਮੁਹਾਰੀ ਚਾਲ
ਨਹਿਰਾਂ ਵਾਗੂੰ ਕੰਢਿਆਂ ਅੰਦਰ ਵਹਿਣਾ ਸਿੱਖ

ਇਹ ਸਭ ਜੇ ਨਹੀਂ ਸਿੱਖ ਸਕਦਾ, ਤਾਂ ਫਾਂਸੀ ਨੂੰ
ਕੀਕਣ ਚੁੰਮਣਾ, ਜਾਣ ਗਲੇ ਦਾ ਗਹਿਣਾ, ਸਿੱਖ

*(28.8.96)*

## 77

ਛੱਡ ਦਿਲਾ, ਇਹ ਗੱਲਾਂ ਨੇ ਕੁਦਰਤ ਦੇ ਕਹਿਰ ਦੀਆਂ
ਬਿਨ ਕਾਰਣ ਕੂੰਜਾਂ ਨਾ ਦੇਸ਼ ਬਿਗਾਨੇ ਠਹਿਰਦੀਆਂ

ਉਹੀ ਸਲਾਮਤ ਪਰਤੇਗਾ ਆਖ਼ਰ ਨੂੰ ਸਾਹਿਲ 'ਤੇ
ਸਮਝੇ ਜੋ ਰਮਜ਼ਾਂ ਸਾਗਰ ਦੀ ਇੱਕ-ਇੱਕ ਲਹਿਰ ਦੀਆਂ

ਮਨ ਅੰਦਰ ਕੁਝ ਹੋਰ ਹੈ ਪਰ ਚਿਹਰੇ 'ਤੇ ਹੈ ਕੁਝ ਹੋਰ
ਗੁੜ ਅੰਦਰੋਂ, ਹੋ ਸਕਦਾ, ਨਿਕਲਣ ਕਣੀਆਂ ਜ਼ਹਿਰ ਦੀਆਂ

ਨਾ ਹੀ ਉਹ ਰਿਸ਼ਤੇ ਨਾ ਹੁਣ ਉਹ ਅਪਣਾਪਨ ਹੀ ਹੈ
ਪਿੰਡਾਂ ਵਿੱਚ ਵੀ ਆ ਵੜੀਆਂ ਨੇ ਰੀਤਾਂ ਸ਼ਹਿਰ ਦੀਆਂ

ਵਹਿੰਦੇ ਪਾਣੀ ਆਪਣਾ ਰਸਤਾ ਆਪ ਬਣਾਉਂਦੇ ਨੇ
ਨਦੀ ਕਦੇ ਅਪਣਾ ਨਾ ਸਕਦੀ ਸਿਫ਼ਤਾਂ ਨਹਿਰ ਦੀਆਂ

ਓਸੇ ਨੂੰ ਹੀ ਅੱਜ ਕਲ ਵੱਡਾ ਸ਼ਾਇਰ ਮੰਨਦੇ ਨੇ
ਲਿਖਦਾ ਹੈ ਜੋ ਗ਼ਜ਼ਲਾਂ ਡਾਢੀ ਮੁਸ਼ਕਿਲ ਬਹਿਰ ਦੀਆਂ

*(25.8.96)*

## 78

ਹਰਿੱਕ ਸੁੰਦਰ ਭਵਨ, ਵਸਦਾ ਹੋਇਆ ਕੋਈ ਘਰ ਨਹੀਂ ਹੁੰਦਾ
ਜੋ ਬੇ-ਘਰ ਨੇ, ਉਹਨਾਂ ਨੂੰ ਉੱਜੜਨੇ ਦਾ ਡਰ ਨਹੀਂ ਹੁੰਦਾ

ਕੁਝ ਐਸੇ ਲੋਕ ਨੇ ਜੋ ਬੁੱਤ ਤੋਂ ਵੀ ਕੁਝ ਹੋਰ ਵਧ ਕੇ ਨੇ
ਮੰਦਿਰ ਵੀ ਨੇ ਕੁਝ ਐਸੇ, ਜਿਨ੍ਹਾਂ ਵਿੱਚ ਦਰ ਨਹੀਂ ਹੁੰਦਾ

ਅਜਬ ਹੈ ਜ਼ਿੰਦਗੀ ਜੋ ਖੁਦ ਹੀ ਜੀਣੇ ਵੀ ਨਹੀਂ ਦਿੰਦੀ
ਕੋਈ ਮਰਨਾ ਵੀ ਜੇ ਚਾਹੇ, ਖੁਸ਼ੀ ਨਾਲ ਮਰ ਨਹੀਂ ਹੁੰਦਾ

ਬਿਨਾ ਮਕਸਦ ਦਾ ਇਹ ਜੀਵਨ, ਹੈ ਅੰਨ੍ਹਾ ਖੂਹ ਜਿਵੇਂ ਕੋਈ
ਸਿਰਫ਼ ਖ਼ਾਬਾਂ ਤੇ ਆਸਾਂ 'ਨਾ, ਕਦੇ ਜੋ ਭਰ ਨਹੀਂ ਹੁੰਦਾ

ਲੁਟਾ ਕੇ ਆਪਣਾ ਸਭ ਕੁਝ ਵੀ, ਭਲਾ ਚਾਹੇ ਜੋ ਦੁਨੀਆਂ ਦਾ
ਹਕੀਕਤ ਵਿੱਚ ਕਦੇ ਐਸਾ ਬਸ਼ਰ, ਬੇਘਰ ਨਹੀਂ ਹੁੰਦਾ

*(6.9.96)*

## 79

ਕਿੰਨਾ ਕੁ ਜ਼ੁਲਮ ਚੁੱਪ ਹੀ ਰਹਿ ਕੇ ਜਰੇ ਕੋਈ
ਹੈ ਕਿਸ ਤਰ੍ਹਾਂ ਦੀ ਰੀਤ, ਕਰੇ ਕੋਈ, ਭਰੇ ਕੋਈ

ਹਰ ਦਿਲ ਹੈ ਗ਼ਮ-ਜ਼ਦਾ ਅਤੇ ਹਰ ਰੂਹ ਉਦਾਸ ਹੈ
ਇਲਜ਼ਾਮ ਇਨ ਹਾਲਾਤ ਦਾ ਕਿਸ 'ਤੇ ਧਰੇ ਕੋਈ

ਅੱਜ ਕੱਲ ਤਾਂ ਹਰ ਇੱਕ ਖ਼ਬਰ ਦੇ ਸੀਨੇ 'ਚ ਸੇਕ ਹੈ
ਝੁਲਸੇ ਤੰਦੂਰ ਵਿੱਚ, ਜਾਂ ਡੁੱਬ ਕੇ ਮਰੇ ਕੋਈ

ਏਥੇ ਤਾਂ ਹਰ ਇੱਕ ਆਪਣੇ ਦਾਇਰੇ 'ਚ ਕੈਦ ਹੈ
ਲੇਖਾ ਪਰਾਏ ਦਰਦ ਦਾ ਕੀਕਣ ਕਰੇ ਕੋਈ

ਜੀਵਨ ਤਮਾਮ ਬੀਤਿਆ, ਹਨ੍ਹੇਰਿਆਂ ਦੇ ਸੰਗ
ਕੀ ਫ਼ਰਕ, ਹੁਣ ਜੇ ਕਬਰ 'ਤੇ ਦੀਵਾ ਧਰੇ ਕੋਈ

ਵਿਚਰੇ ਹਵਾ ਦੇ ਵਾਂਗ ਤੇ ਬਰਸੇ ਜਿਵੇਂ ਘਟਾ
ਕਿਉਂ ਰਿਸ਼ਤਿਆਂ ਦੀ ਵਾੜ ਦਾ ਓਹਲਾ ਕਰੇ ਕੋਈ

ਡਿੱਗ ਜਾਏਗੀ ਦੀਵਾਰ ਇਹ, ਜ਼ਾਲਮ ਨਿਜ਼ਾਮ ਦੀ
ਬੱਸ ਪਹਿਲੀ ਇੱਟ ਹਟਾਉਣ ਦਾ ਜਿਗਰਾ ਕਰੇ ਕੋਈ

*(12. 12. 96)*

## 80

ਤੇਜ਼ ਹਵਾ ਦਾ ਬੁੱਲਾ ਕੋਈ ਕੋਲੋਂ ਲੰਘ ਗਿਆ ਹੈ
ਸੁੱਕੇ ਪੱਤਰ ਵਾਗੂੰ ਹੁਣ ਤੱਕ ਆਪਾ ਕੰਬ ਰਿਹਾ ਹੈ

ਖਬਰੇ ਕਾਹਦੇ ਪਿੱਛੇ ਫਿਰਦਾ ਜੰਗਲ ਪਰਬਤ ਗਾਹੁੰਦਾ
ਨਾ ਕੋਈ ਚੋਟੀ ਸਰ ਕੀਤੀ ਹੈ, ਨਾ ਹੀ ਜੋਗ ਲਿਆ ਹੈ

ਕਿੰਨੇ ਹੀ ਉੱਜੜੇ ਬਾਗ਼ਾਂ ਵਿੱਚ, ਜਿਸਨੇ ਫੁੱਲ ਖਿੜਾਏ
ਉਸਦਾ ਆਪਣਾ ਜੀਵਨ, ਮਾਰੂਥਲ ਦੀ ਰੇਤ ਜਿਹਾ ਹੈ

ਨਾ ਬੂਹੇ 'ਤੇ ਦਸਤਕ ਹੋਈ, ਨਾ ਹੀ ਕਾਂ ਕੁਰਲਾਇਆ
ਚੁੱਪ-ਚੁਪੀਤੇ ਹੀ ਮਹਿਕਾਂ ਦਾ ਮੌਸਮ ਬੀਤ ਗਿਆ ਹੈ

ਨਾ ਰਿਸ਼ਤੇ ਦਾ ਓਹਲਾ ਰੱਖਣ, ਨਾ ਦੁਨਿਆਵੀ ਬੰਧਨ
ਸਾਥ ਜਿਹਨਾਂ ਦਾ, ਨਦੀ-ਸਮੁੰਦਰ, ਚੰਦ-ਚਕੋਰ ਜਿਹਾ ਹੈ

ਲੀਕਾਂ ਖਿੱਚਦੇ ਖਿੱਚਦੇ ਬੰਦੇ, ਆਪੇ ਲੀਕਾਂ ਹੋਏ
ਜੀਵਨ ਹੀ ਹੁਣ ਧਰਤੀ ਦੇ ਪਿੰਡੇ 'ਤੇ ਲੀਕ ਜਿਹਾ ਹੈ

*(26.10.97)*

## 81

ਹਰ ਪਾਸੇ ਹੀ ਉੱਸਰੀਆਂ ਦੀਵਾਰਾਂ ਨੇ
ਕਿੱਧਰੋਂ ਆ ਕੇ ਮਿਲਣਾ ਹੁਣ ਦਿਲਦਾਰਾਂ ਨੇ

ਆਪਣਾ ਕੋਈ ਨਾਮ ਨਹੀਂ, ਬੱਸ ਗਿਣਤੀ ਹੈ
ਬੰਦੇ ਅੰਕ ਬਣਾ ਦਿੱਤੇ ਸਰਕਾਰਾਂ ਨੇ

ਉਹ ਪਿੰਡ ਕਿੱਥੇ ਜਾ ਕੇ ਹੁਣ ਫ਼ਰਿਆਦ ਕਰੇ
ਲੁਟਿਆ ਜਿਸਨੂੰ, ਉਸਦੇ ਪਹਿਰੇਦਾਰਾਂ ਨੇ

ਇਸ ਬਸਤੀ ਦਾ ਹਰ ਘਰ ਬੜਾ ਅਜੀਬ ਜਿਹਾ
ਛੱਤ ਨਹੀਂ, ਦੀਵਾਰਾਂ ਹੀ ਦੀਵਾਰਾਂ ਨੇ

ਪਹੁੰਚ ਹੀ ਜਾਂਦੀ ਕਿਸ਼ਤੀ ਕਿਸੇ ਕਿਨਾਰੇ ’ਤੇ
ਛਡਿਆ ਹੁੰਦਾ ਸਾਥ ਨਾ ਜੇ ਪਤਵਾਰਾਂ ਨੇ

ਦੇਖੋ, ਆਖਰ ਕਲੀਆਂ ਦਾ ਕੀ ਬਣਦਾ ਹੈ
ਹਰ ਪਾਸੇ ਤੋਂ ਹਮਲੇ ਹੇਠ ਬਹਾਰਾਂ ਨੇ

ਅੱਜ ਫਿਰ ਕੋਈ ਮਰਿਆ ਬਾਝ ਭਰਾਵਾਂ ਦੇ
ਸਾਥ ਨਾ ਦਿੱਤਾ ਤੀਰਾਂ ਤੇ ਤਲਵਾਰਾਂ ਨੇ

*(24.6.98)*

## 82

ਮਾਰੂਥਲਾਂ 'ਚ ਭਟਕੇ, ਜੰਗਲ ਨੂੰ ਜਾ ਰਹੇ ਹਾਂ
ਆਪਣੀ ਪਛਾਣ ਲੱਭਦੇ, ਗੁੰਮਦੇ ਹੀ ਜਾ ਰਹੇ ਹਾਂ

ਲੱਗੇਗੀ ਦੇਰ ਕਾਫ਼ੀ, ਮੰਜ਼ਿਲ 'ਤੇ ਪਹੁੰਚਣੇ ਨੂੰ
ਅੰਤਾਂ ਦੀ ਭੀੜ ਵਿਚੋਂ ਰਸਤਾ ਬਣਾ ਰਹੇ ਹਾਂ

ਖੰਡਰ ਵਸਾਉਣ ਨਿਕਲੇ, ਘਰ ਹੀ ਉਜਾੜ ਬੈਠੇ
ਪੱਕਿਆਂ ਦੀ ਆਸ ਅੰਦਰ, ਕੱਚਿਆਂ ਨੂੰ ਢਾ ਰਹੇ ਹਾਂ

ਕੁੱਝ ਬੋਲੀਏ ਤਾਂ ਬਾਗ਼ੀ, ਚੁੱਪ ਹੀ ਰਹੇ ਤਾਂ ਕਾਇਰ
ਆਪਣੀ ਹੀ ਬੇਬਸੀ ਨੂੰ, ਖ਼ੁਦ ਤੋਂ ਛੁਪਾ ਰਹੇ ਹਾਂ

ਆਪਣੇ ਹੀ ਦਾਇਰਿਆਂ ਵਿੱਚ, ਸਭ ਕੈਦ ਹੋ ਰਹੇ ਨੇ
ਬੱਸ ਰਿਸ਼ਤਿਆਂ ਦੇ ਨਾਂ 'ਤੇ, ਰਸਮਾਂ ਨਿਭਾ ਰਹੇ ਹਾਂ

ਛਲ, ਕਪਟ ਤੇ ਬਦੀ ਦੀ, ਹਾਲੇ ਨਾ ਹਾਰ ਹੋਈ
ਸਦੀਆਂ ਤੋਂ ਕਾਗਜ਼ਾਂ ਦੇ ਰਾਵਣ ਜਲਾ ਰਹੇ ਹਾਂ

ਜੀਵਨ ਤਮਾਮ ਜਿਸਨੂੰ, ਤੋੜਨ ਦੀ ਸੋਚਦੇ ਸਾਂ
ਓਸੇ ਮਸ਼ੀਨਰੀ ਦੇ, ਪੁਰਜ਼ੇ ਬਣਾ ਰਹੇ ਹਾਂ

*(2.8.2000)*

## 83

ਨਾ ਬੂਹੇ 'ਤੇ ਦਸਤਕ ਹੋਈ, ਨਾ ਹੀ ਕਾਂ ਕੁਰਲਾਇਆ
ਕਦੇ ਕਦੇ ਲੱਗਦਾ ਹੈ ਫਿਰ ਵੀ, ਸ਼ਾਇਦ ਕੋਈ ਆਇਆ

ਔਖੇ ਵੇਲੇ ਹਰ ਕੋਈ ਆਪਣਾ, ਏਦਾਂ ਗ਼ਾਇਬ ਹੋਇਆ
ਸਾਥ ਜਿਸ ਤਰ੍ਹਾਂ ਛੱਡ ਜਾਂਦਾ ਹੈ, ਨ੍ਹੇਰੇ ਦੇ ਵਿੱਚ ਸਾਇਆ

ਪਰਬਤ, ਝੱਖੜ, ਨਦੀਆਂ, ਸਾਗ਼ਰ, ਰੋਕ ਸਕੇ ਨਾ ਰਸਤਾ
ਰੰਗਾਂ ਨੇ ਭਰਮਾਇਆ ਜਾਂ ਫਿਰ ਮਹਿਕਾਂ ਨੇ ਭਟਕਾਇਆ

ਇਹ ਕੇਹੀ ਹੈ ਪਿਆਸ ਕਿ ਜਿਸਦਾ ਤੋੜ ਨਾ ਕੋਈ ਲੱਭਾ
ਅੱਖਾਂ ਵਿੱਚ ਸਮੁੰਦਰ ਹੈ ਪਰ, ਫਿਰ ਵੀ ਮਨ ਤਿਰਹਾਇਆ

ਖਾਲੀ ਹੱਥੀਂ ਆਏ ਏਥੇ, ਖਾਲੀ ਹੀ ਤੁਰ ਜਾਣਾ
ਕੌਣ ਕਰੇ ਫਿਰ ਲੇਖਾ-ਜੋਖਾ, ਕੀ ਖੋਇਆ, ਕੀ ਪਾਇਆ

*(24.3.2002)*

## 84

ਮੰਨਿਆ ਕਿ ਬੁੱਲੇ ਮੇਹਰ ਉਸਦੀ ਦੇ ਤਾਂ ਆਉਂਦੇ ਰਹਿਣਗੇ
ਸੁੱਕੇ ਪੱਤੇ ਪਰ ਕੋਈ ਵੱਖਰੀ ਕਹਾਣੀ ਕਹਿਣਗੇ

ਕੀ ਪਤਾ ਸੀ, ਇਸ ਤਰ੍ਹਾਂ ਦਾ ਵਕਤ ਆਵੇਗਾ ਕਦੇ
ਹੱਥੀਂ ਉਸਾਰੇ ਮਹਿਲ, ਪੈਰਾਂ ਨਾਲ ਢਾਉਣੇ ਪੈਣਗੇ

ਰੁੱਖ ਨੂੰ ਵੱਢਣ ਤੋਂ ਪਹਿਲਾਂ, ਸੋਚਿਆ ਨਾ ਕਿਉਂ ਕਿਸੇ
ਕਿਸਦੀ ਛਾਵੇਂ ਧੁੱਪ ਦੇ ਮਾਰੇ ਮੁਸਾਫ਼ਿਰ ਬਹਿਣਗੇ

ਆਪਣੇ ਹੀ ਵਿਹੜਿਆਂ ਅੰਦਰ ਕੋਈ ਮਹਿਫੂਜ਼ ਨਾ
ਹੁਣ ਕਦੋਂ ਰਾਤਾਂ ਨੂੰ ਮੰਜੇ ਕੋਠਿਆਂ 'ਤੇ ਡਹਿਣਗੇ

ਕਾਲੀਆਂ ਰਾਤਾਂ ਨੂੰ ਕੋਈ ਫ਼ਰਕ ਪੈਣਾ ਨਾ ਕਦੇ
ਦਿਨ ਦੇ ਵੇਲੇ ਹੀ ਤਾਂ ਸੂਰਜ ਚੜ੍ਹਨਗੇ ਤੇ ਲਹਿਣਗੇ

ਦਿਲ 'ਚ ਹੋਵੇ ਦਰਦ ਤਾਂ ਅੱਖਾਂ ਚੋਂ ਛਲਕੇਗਾ ਜ਼ਰੂਰ
ਜਜ਼ਬਿਆਂ ਦੇ ਵਹਿਣ ਤਾਂ ਲੱਖ ਰੋਕਿਆਂ ਵੀ ਵਹਿਣਗੇ

ਰੁੱਤ ਬਦਲੇਗੀ ਤਾਂ ਪਰ ਕੀ ਫ਼ਰਕ ਉੱਖੜੇ ਰੁੱਖ ਨੂੰ
ਸੁੱਕੀਆਂ ਟਾਹਣਾਂ 'ਤੇ ਹੁਣ ਕਿਹੜੇ ਪੰਖੇਰੂ ਬਹਿਣਗੇ

*(23.2.2004)*